
COLGATE-PALMOLIVE COMPANY

# ਵਿਹਾਰ ਸੰਹਿਤਾ



## ਆਪਣੀਆਂ ਕਦਰਾਂ-ਕੀਮਤਾਂ ਦੇ ਨਾਲ ਜੁੜੇ ਰਹਿਣਾ

ਦੇਖਭਾਲ • ਵਿਸ਼ਵ ਵਿਆਪੀ ਟੀਮਵਰਕ • ਲਗਾਤਾਰ ਸੁਧਾਰ




ਸਭ ਤੋਂ ਉੱਚੇ ਨੈਤਿਕ
ਮਿਆਰਾਂ ਨੂੰ ਬਣਾਈ ਰੱਖਣਾ

# ਸਾਡੇ ਚੇਅਰਮੈਨ, ਪ੍ਰੈਜ਼ੀਡੈਂਟ ਅਤੇ ਸੀਈਓ ਵਲੋਂ ਇੱਕ ਸੁਨੇਹਾ

ਨੈਤਿਕ ਲੀਡਰਸ਼ਿਪ ਕਦੇ ਵੀ ਇੰਨੀ ਮਹੱਤਵਪੂਰਣ ਨਹੀਂ ਰਹੀ ਹੈ। ਦੇਖਭਾਲ, ਵਿਸ਼ਵ ਵਿਆਪੀ ਟੀਮਵਰਕ ਅਤੇ ਲਗਾਤਾਰ ਸੁਧਾਰ ਦੀਆਂ ਸਾਡੀਆਂ ਕਦਰਾਂ-ਕੀਮਤਾਂ ਤੋਂ ਅਲਾਵਾ, ਸਾਡੀ ਕੰਪਨੀ ਦੀ ਖਰਿਆਈ ਅਤੇ ਉੱਚ ਨੈਤਿਕ ਮਿਆਰਾਂ ਦੀ ਸਾਖ਼ ਤਾਕਤ ਅਤੇ ਮੁਕਾਬਲੇਦਾਰ ਫਾਇਦੇ ਦਾ ਇੱਕ ਸ੍ਰੋਤ ਬਣੀ ਰਹੀ ਹੈ। ਕੋਲਗੇਟ ਦੇ ਮੁਲਾਜ਼ਮਾਂ, ਸਾਡੇ ਖਪਤਕਾਰਾਂ ਅਤੇ ਗਾਹਕਾਂ, ਸਾਡੇ ਪੂੰਜੀਧਾਰਕਾਂ ਅਤੇ ਸਾਡੇ ਕਾਰੋਬਾਰੀ ਭਾਈਵਾਲਾਂ ਲਈ ਸਾਡੀ ਸਾਖ਼ ਬਹੁਤ ਜ਼ਿਆਦਾ ਮਾਇਨੇ ਰੱਖਦੀ ਹੈ।

ਇਸਦੇ ਤਕਰੀਬਨ 30 ਸਾਲਾਂ ਪਹਿਲੇ ਸ਼ੁਰੂ ਹੋਣ ਤੋਂ ਲੈਕੇ, ਸਾਡੀ ਵਿਹਾਰ ਸੰਹਿਤਾ ਨੇ ਉਹਨਾਂ ਸਿਧਾਂਤਾਂ ਦੀ ਇਕ ਲੜੀ ਦੇ ਨਾਲ ਸਾਨੂੰ ਰਾਹ ਦਿਖਾਈ ਹੈ ਜੋ ਕੋਲਗੇਟ ਦੀਆਂ ਕਦਰਾਂ-ਕੀਮਤਾਂ ਅਤੇ ਸਥਾਪਿਤ ਮਿਆਰਾਂ ਦੀ ਝਲਕ ਪੇਸ਼ ਕਰਦੇ ਹਨ, ਜਿਸ ਨਾਲ ਸਾਡੇ ਨੈਤਿਕ ਵਿਵਹਾਰ ਨੂੰ ਰਾਹ-ਨੁਮਾਈ ਮਿਲਦੀ ਹੈ। ਸੰਹਿਤਾ ਦੀ ਲਗਾਤਾਰ ਅਨੁਕੂਲਤਾ ਨੂੰ ਯਕੀਨੀ ਬਣਾਉਣ ਲਈ ਇਸ ਦੀ ਨਿਯਮਿਤ ਸਮੀਖਿਆ ਕੀਤੀ ਜਾਂਦੀ ਹੈ, ਇਸ ਨੂੰ ਅਪਡੇਟ ਕੀਤਾ ਗਿਆ ਅਤੇ ਦੁਬਾਰਾ ਜਾਰੀ ਕੀਤਾ ਜਾਂਦਾ ਹੈ। ਦੁਨੀਆ ਭਰ ਦੇ ਵੱਖ ਵੱਖ ਦੇਸ਼ਾਂ ਵਿਚ ਕੰਮ ਕਰਨ ਵਾਲੀ ਵਾਕਈ ਇੱਕ ਵਿਸ਼ਵ ਵਿਆਪੀ ਕੰਪਨੀ ਹੋਣ ਕਰਕੇ, ਸਾਨੂੰ ਸਾਰਿਆਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਸਾਡਾ ਵਿਹਾਰ ਅਤੇ ਫ਼ੈਸਲੇ ਸਾਡੇ ਆਦਰਸ਼ਾਂ ਅਤੇ ਕਦਰਾਂ-ਕੀਮਤਾਂ ਨੂੰ ਬਣਾਈ ਰੱਖਣ, ਜਿਵੇਂ ਕਿ ਸਾਡੀ ਸੰਹਿਤਾ ਵਿਚ ਦੱਸਿਆ ਗਿਆ ਹੈ।

ਅਸੀਂ ਸਾਰੇ ਰੋਜ਼ ਫ਼ੈਸਲੇ ਕਰਦੇ ਹਾਂ, ਜਿਸਦੇ ਨਿਜੀ, ਮਾਲੀ, ਭਾਈਚਾਰਕ ਜਾਂ ਨੈਤਿਕਤਾ ਸਬੰਧੀ ਅਸਰ ਹੋ ਸਕਦੇ ਹਨ। ਕੋਲਗੇਟ ਪਰਿਵਾਰ ਦੇ ਇੱਕ ਮੈਂਬਰ ਵਜੋਂ, ਇਹ ਜ਼ਰੂਰੀ ਹੈ ਕਿ ਤੁਸੀਂ ਸਾਡੀ ਸੰਹਿਤਾ ਪੜ੍ਹੋ, ਉਸਨੂੰ ਸਮਝੋ ਅਤੇ ਇਹ ਯਕੀਨੀ ਬਣਾਉਣ ਲਈ ਉਸਦੀ ਪੂਰੀ ਤਰ੍ਹਾਂ ਪਾਲਣਾ ਕਰੋ, ਕਿ ਅਸੀਂ ਖਰਿਆਈ ਅਤੇ ਉੱਚਤਮ ਨੈਤਿਕ ਮਿਆਰਾਂ ਦੇ ਨਾਲ ਕੰਮ ਕਰਨ ਲਈ ਆਪਣੀ ਨਿਜੀ ਜ਼ਿੰਮੇਵਾਰੀ ਦੁਆਰਾ ਰਾਹ-ਨੁਮਾਈ ਕੀਤੇ ਫੈਸਲੇ ਲੈਂਦੇ ਹਾਂ।

ਕੋਲਗੇਟ ਲੋਕਾਂ ਤੋਂ ਉਹਨਾਂ ਦੇ ਕਾਰਜਾਂ ਅਤੇ ਸ਼ਬਦਾਂ ਦੁਆਰਾ ਲਗਾਤਾਰ ਨੈਤਿਕ ਵਿਵਹਾਰ ਦਿਖਾਉਣ ਦੀ ਉਮੀਦ ਕੀਤੀ ਜਾਂਦੀ ਹੈ। ਇਸ ਵਿੱਚ ਸਾਡੀ ਸੰਹਿਤਾ ਦੇ ਨਾਲ ਨਾਲ ਕੋਲਗੇਟ ਦੀਆਂ ਹੋਰ ਨੀਤੀਆਂ ਜਾਂ ਲਾਗੂ ਕਾਨੂੰਨਾਂ ਨਾਲ ਮੇਲ ਨਾ ਖਾਣ ਵਾਲੇ ਵਿਵਹਾਰ ਨੂੰ ਚੁਣੌਤੀ ਦੇਣ ਲਈ “ਆਵਾਜ਼ ਉਠਾਉਣਾ” ਸ਼ਾਮਲ ਹੈ।

ਕੋਲਗੇਟ ਲੋਕੀਂ ਸਾਡੇ ਵਪਾਰਕ ਨਤੀਜਿਆਂ ਵਿੱਚ ਬਹੁਤ ਮਾਣ ਮਹਿਸੂਸ ਕਰਦੇ ਹਨ। ਨਤੀਜੇ ਮਾਇਨੇ ਰੱਖਦੇ ਹਨ, ਪਰ ਉਹ ਤਰੀਕਾ ਵੀ ਜਿਸ ਨਾਲ ਅਸੀਂ ਉਹ ਨਤੀਜੇ ਹਾਸਲ ਕਰਦੇ ਹਾਂ। ਸਾਡੀ ਲਗਾਤਾਰ ਕਾਰੋਬਾਰੀ ਕਾਮਯਾਬੀ ਲਈ ਜ਼ਰੂਰੀ, ਸਾਡੀਆਂ ਸਾਂਝੀਆਂ ਕਦਰਾਂ-ਕੀਮਤਾਂ ਲਈ ਤੁਹਾਡੀ ਲਗਾਤਾਰ ਵਚਨਬੱਧਤਾ ਅਤੇ ਤੁਹਾਡੀ ਨੈਤਿਕ ਅਗਵਾਈ ਲਈ ਤੁਹਾਡਾ ਅਗਾਊਂ ਧੰਨਵਾਦ।



ਇਯਾਨ ਕੁੱਕ (Ian Cook)
ਚੇਅਰਮੈਨ, ਪ੍ਰੈਜ਼ੀਡੈਂਟ ਅਤੇ ਚੀਫ਼ ਐਗਜ਼ੀਕਿਉਟਿਵ ਔਫਿਸਰ

# ਆਪਣੀਆਂ ਕਦਰਾਂ-ਕੀਮਤਾਂ ਦੇ ਨਾਲ ਜੁੜੇ ਰਹਿਣਾ

ਸਾਡੀਆਂ ਕੋਲਗੇਟ ਦੀਆਂ ਦੇਖਭਾਲ ਵਿਸ਼ਵ ਵਿਆਪੀ ਟੀਮਵਰਕ ਅਤੇ ਲਗਾਤਾਰ ਸੁਧਾਰ ਦੀਆਂ ਆਪਣੀਆਂ ਕਦਰਾਂ-ਕੀਮਤਾਂ ਨਾਲ ਜੁੜੇ ਰਹਿਣ ਨਾਲ, ਅਸੀਂ ਇੱਕ ਅਜਿਹਾ ਸਭਿਆਚਾਰ ਬਣਾਉਂਦੇ ਹਾਂ, ਜਿਸ ਵਿਚ ਲੋਕ ਇੱਕ ਟੀਮ ਵਾਂਗ, ਇੱਕੋ ਜਿਹੇ ਟੀਚਿਆਂ ਲਈ ਮਿਲਕੇ ਕੰਮ ਕਰਦੇ ਹਨ। ਕੋਲਗੇਟ ਦੀਆਂ ਤਿੰਨ ਬੁਨਿਆਦੀ ਕਦਰਾਂ-ਕੀਮਤਾਂ, ਸਾਡੇ ਵਲੋਂ ਕੀਤੇ ਜਾਣ ਵਾਲੇ ਹਰ ਕੰਮ ਦਾ ਹਿੱਸਾ ਹਨ।

## ਦੇਖਭਾਲ ਕਰਨਾ

ਕੰਪਨੀ ਲੋਕਾਂ ਦਾ ਖ਼ਿਆਲ ਰੱਖਦੀ ਹੈ: ਕੋਲਗੇਟ ਨਾਲ ਕੰਮ ਕਰਨ ਵਾਲੇ ਲੋਕ, ਗਾਹਕ, ਸ਼ੇਅਰਧਾਰਕ, ਖਪਤਕਾਰ, ਸਪਲਾਇਰ ਅਤੇ ਕਾਰੋਬਾਰੀ ਭਾਈਵਾਲ। ਕੋਲਗੇਟ ਸਾਰੀਆਂ ਸਥਿਤੀਆਂ ਵਿਚ ਹਮਦਰਦੀ, ਦਿਆਨਤਦਾਰੀ, ਇਮਾਨਦਾਰੀ ਅਤੇ ਉੱਚ ਨੈਤਿਕਤਾ ਮਿਆਰਾਂ ਦੇ ਨਾਲ ਕਾਰਵਾਈ ਕਰਨ, ਦੂਜਿਆਂ ਦੀ ਗੱਲ ਸਤਿਕਾਰ ਨਾਲ ਸੁਣਨ ਅਤੇ ਮਤਭੇਦਾਂ ਦਾ ਮਹੱਤਵ ਸਮਝਣ ਲਈ ਵਚਨਬੱਧ ਹੈ। ਕੰਪਨੀ ਵਿਸ਼ਵ ਵਿਆਪੀ ਵਾਤਾਵਰਨ ਦੀ ਰਾਖੀ ਕਰਨ, ਉਹਨਾਂ ਭਾਈਚਾਰਿਆਂ, ਜਿਥੇ ਕੋਲਗੇਟ ਦੇ ਲੋਕ ਰਹਿੰਦੇ ਅਤੇ ਕੰਮ ਕਰਦੇ ਹਨ ਨੂੰ ਵਧਾਉਣ, ਅਤੇ ਸਾਰੇ ਸਰਕਾਰੀ ਕਾਨੂੰਨਾਂ ਅਤੇ ਨੇਮਾਂ ਦੀ ਪਾਲਣਾ ਕਰਨ ਲਈ ਵੀ ਵਚਨਬੱਧ ਹੈ।

## ਵਿਸ਼ਵ ਵਿਆਪੀ ਟੀਮਵਰਕ

ਕੋਲਗੇਟ ਨਾਲ ਕੰਮ ਕਰਨ ਵਾਲੇ ਸਾਰੇ ਲੋਕ, ਵਿਸ਼ਵ ਵਿਆਪੀ ਟੀਮ ਦਾ ਹਿੱਸਾ ਹਨ, ਜੋ ਕਿ ਦੇਸ਼ਾਂ ਅਤੇ ਦੁਨੀਆ ਭਰ ਵਿਚ ਇਕੱਠਿਆਂ ਕੰਮ ਕਰਨ ਲਈ ਵਚਨਬੱਧ ਹਨ। ਵਿਚਾਰਾਂ, ਤਕਨਾਲੋਜੀਆਂ ਅਤੇ ਪ੍ਰਤਿਭਾਵਾਂ ਨੂੰ ਸਾਂਝਿਆਂ ਕਰਨ ਨਾਲ ਹੀ ਕੰਪਨੀ ਮੁਨਾਫ਼ੇ ਦੇ ਜਾਰੀ ਰਹਿਣ ਵਾਲੇ ਵਾਧੇ ਨੂੰ ਹਾਸਿਲ ਕਰ ਸਕਦੀ ਹੈ ਅਤੇ ਬਣਾਈ ਰੱਖ ਸਕਦੀ ਹੈ।

## ਲਗਾਤਾਰ ਸੁਧਾਰ

ਕੋਲਗੇਟ, ਨਿਜੀ ਤੌਰ 'ਤੇ ਅਤੇ ਟੀਮਾਂ ਦੇ ਤੌਰ 'ਤੇ ਉਹਨਾਂ ਵਲੋਂ ਕੀਤੇ ਜਾਣ ਵਾਲੇ ਕੰਮਾਂ ਨੂੰ ਰੋਜ਼ ਬਿਹਤਰ ਬਣਾਉਣ ਲਈ ਵਚਨਬੱਧ ਹੈ। ਖਪਤਕਾਰਾਂ ਅਤੇ ਗਾਹਕਾਂ ਦੀਆਂ ਉਮੀਦਾਂ ਨੂੰ ਬੇਹਤਰ ਤਰੀਕੇ ਨਾਲ ਸਮਝਣ ਅਤੇ ਲਗਾਤਾਰ ਕੁਝ ਨਵਾਂ ਕਰਨ ਅਤੇ ਉਤਪਾਦਾਂ, ਸੇਵਾਵਾਂ ਅਤੇ ਅਮਲਾਂ ਵਿਚ ਸੁਧਾਰ ਕਰਨ ਲਈ ਕੰਮ ਕਰਕੇ, ਕੋਲਗੇਟ ਸਭ ਤੋਂ ਵਧੀਆ ਬਣ ਜਾਏਗੀ। ਅੱਜ ਦੇ ਤੇਜ਼ੀ ਨਾਲ ਵੱਧ ਰਹੇ ਮੁਕਾਬਲੇਬਾਜ਼ੀ ਵਾਲੇ ਬਜ਼ਾਰ ਵਿਚ, ਕੋਲਗੇਟ ਦੀਆਂ ਕਦਰਾਂ-ਕੀਮਤਾਂ ਨਿਜੀ, ਟੀਮ ਅਤੇ ਕੰਪਨੀ ਦੀ ਕਾਮਯਾਬੀ ਲਈ ਨੀਂਹ ਹਨ। ਦੂਜਿਆਂ ਦਾ ਸਤਿਕਾਰ ਕਰਕੇ ਅਤੇ ਕੋਲਗੇਟ ਦੀਆਂ ਕਦਰਾਂ-ਕੀਮਤਾਂ ਨੂੰ ਬਣਾਈ ਰੱਖਕੇ ਹੀ, ਅਸੀਂ ਬਿਹਤਰੀਨ ਕਾਰੋਬਾਰੀ ਨਤੀਜਿਆਂ ਨੂੰ ਹਾਸਿਲ ਕਰਨ ਦੀ ਉਮੀਦ ਕਰ ਸਕਦੇ ਹਾਂ।

# ਸਤਿਕਾਰ ਨਾਲ ਪ੍ਰਬੰਧ ਕਰਨਾ

## *"ਸਤਿਕਾਰ ਨਾਲ ਪ੍ਰਬੰਧ" ਉਹ ਤਰੀਕਾ ਹੈ, ਜਿਸ ਨਾਲ ਕੋਲਗੇਟ ਨਾਲ ਕੰਮ ਕਰਨ ਵਾਲੇ ਲੋਕ ਕੰਪਨੀ ਦੀਆਂ ਕਦਰਾਂ-ਕੀਮਤਾਂ ਨੂੰ ਲਾਗੂ ਕਰਦੇ ਹਨ।*

ਸਤਿਕਾਰ ਨਾਲ ਪ੍ਰਬੰਧ ਕਰਕੇ, ਅਸੀਂ ਇੱਕ ਅਜਿਹਾ ਮਾਹੌਲ ਸਿਰਜਦੇ ਹਾਂ, ਜਿੱਥੇ ਲੋਕ ਬੇਝਿਜਕ ਸੁਝਾਅ ਦਿੰਦੇ, ਵਿਚਾਰ ਪ੍ਰਗਟ ਕਰਦੇ ਅਤੇ ਸੰਸਥਾ ਲਈ ਯੋਗਦਾਨ ਦਿੰਦੇ ਹਨ।

ਸਤਿਕਾਰ ਨਾਲ ਪ੍ਰਬੰਧ ਇੱਕ ਅਜਿਹਾ ਮਾਹੌਲ ਸਿਰਜਦੀ ਹੈ, ਜਿਥੇ ਲੋਕ ਇੱਕ ਦੂਜੇ ਦਾ ਵਾਕਈ ਧਿਆਨ ਰੱਖਦੇ ਹਨ ਅਤੇ ਆਪਣੀ ਪੂਰੀ ਸੰਭਾਵਨਾ ਤੱਕ ਪਹੁੰਚਣ ਲਈ ਚੰਗੀ ਤਰ੍ਹਾਂ ਨਾਲ ਮਿਲਕੇ ਕੰਮ ਕਰਦੇ ਹਨ।

ਸਤਿਕਾਰ ਨਾਲ ਪ੍ਰਬੰਧ ਕਰਨ ਦੇ ਸਿਧਾਂਤ ਹਨ:

### ਆਪਸੀ ਗੱਲਬਾਤ

ਵਿਚਾਰਾਂ ਨੂੰ ਸਪਸ਼ਟ ਅਤੇ ਸਰਲ ਢੰਗ ਨਾਲ ਪ੍ਰਗਟ ਕਰਨਾ; ਹੋਰਨਾਂ ਦੀ ਗੱਲ ਸੁਣਨਾ; ਅਜਿਹਾ ਮਾਹੌਲ ਸਿਰਜਣਾ, ਜਿਥੇ ਲੋਕ ਆਪਣੇ ਵਿਚਾਰ ਤਸੱਲੀ ਨਾਲ ਪ੍ਰਗਟ ਕਰ ਸਕਣ; ਹੋਰਨਾਂ ਨੂੰ ਅਤੇ ਉਹਨਾਂ ਵਲੋਂ ਸਮੇਂ ਸਿਰ ਅਤੇ ਜਾਣਕਾਰੀ ਲੈਣ ਜਾਂ ਦੇਣ ਨੂੰ ਵਧਾਵਾ ਦੇਣਾ।

### ਰਾਇ ਦੇਣੀ ਅਤੇ ਰਾਇ ਮੰਗਣੀ

ਉਸਾਰੂ, ਵਿਸ਼ੇਸ਼ ਰਾਇ ਦੇਣ ਅਤੇ ਮੰਗਣ ਰਾਹੀਂ ਕੋਲਗੇਟ ਨਾਲ ਕੰਮ ਕਰਨ ਵਾਲੇ ਸਾਰੇ ਲੋਕਾਂ ਦਾ ਵਿਕਾਸ ਕਰਨਾ; ਸੇਧ ਦੇਣੀ ਅਤੇ ਲੋਕਾਂ ਨੂੰ ਲੀਹ 'ਤੇ ਰਹਿਣ ਵਿਚ ਮਦਦ ਕਰਨਾ; ਸਕਾਰਾਤਮਕ ਤਬਦੀਲੀ ਨੂੰ ਪ੍ਰੇਰਣਾ ਅਤੇ ਅਸਾਧਾਰਣ ਕੰਮ ਨੂੰ ਉਤਸਾਹਿਤ ਕਰਨਾ।

### ਵਿਸ਼ੇਸ਼ ਯੋਗਦਾਨ ਨੂੰ ਅਹਿਮੀਅਤ ਦੇਣਾ

ਹੋਰਨਾਂ ਦੇ ਯੋਗਦਾਨਾਂ ਅਤੇ ਚੰਗੇ ਕੰਮ ਨੂੰ ਅਹਿਮੀਅਤ ਅਤੇ ਮਾਣਤਾ ਦੇਣੀ; ਨਿਜੀ ਸ਼ਖ਼ਸ਼ੀਅਤ ਦਾ ਸਤਿਕਾਰ ਕਰਨਾ; ਫ਼ੈਸਲੇ ਕਰਨ ਅਤੇ ਤਰਜੀਹਾਂ ਤਿਆਰ ਕਰਨ ਵੇਲੇ ਹੋਰਨਾਂ ਨੂੰ ਸ਼ਾਮਲ ਕਰਨਾ। ਲੋਕਾਂ ਦੇ ਵਿਅਕਤੀਗਤ ਮਤਭੇਦਾਂ ਲਈ ਉਹਨਾਂ ਨੂੰ ਅਹਿਮੀਅਤ ਦੇਣੀ, ਹੁਣੇ ਅਤੇ ਭਵਿੱਖ ਵਿਚਲੇ ਕਾਰੋਬਾਰ ਵਿਚ ਲਗਾਤਾਰ ਕਾਮਯਾਬੀ ਨੂੰ ਬਣਾਉਣ ਅਤੇ ਉਸਨੂੰ ਬਣਾਈ ਰੱਖਣ ਦਾ ਇੱਕ ਮੁੱਖ ਜ਼ਰੀਆ ਹੈ।

### ਮਿਲਕੇ ਕੰਮ ਕਰਨ ਨੂੰ ਵਧਾਵਾ

ਸਾਂਝੇ ਟੀਚਿਆਂ ਲਈ ਵਚਨਬੱਧਤਾ ਸਿਰਜਣੀ; ਮਤਭੇਦ ਨਾਲ ਸਕਾਰਾਤਮਕ ਤਰੀਕੇ ਨਾਲ ਨਜਿੱਠਣਾ।

### ਮਿਸਾਲ ਬਣਾਉਣੀ

ਨੈਤਿਕ ਢੰਗ ਨਾਲ ਕਾਰੋਬਾਰ ਕਰਨ, ਤਣਾਅ ਦੂਰ ਕਰਨ ਲਈ, ਅਤੇ ਇੱਕ ਸੁਖਾਵਾਂ ਅਤੇ ਸੰਤੁਲਿਤ ਕੰਮ ਦਾ ਮਾਹੌਲ ਸਿਰਜਣ ਲਈ ਸਕਾਰਾਤਮਕ ਮਿਸਾਲ ਬਣਾਉਣੀ।

# ਵਿਸ਼ਾ-ਵਸਤੂ


## ਵਿਹਾਰ ਸੰਹਿਤਾ ਬਾਰੇ

## ਇਕ ਦੂਜੇ ਨਾਲ ਸਾਡਾ ਰਿਸ਼ਤਾ 9

- ਅਸੀਂ ਸਫਲ ਕੰਮਕਾਜੀ ਰਿਸ਼ਤੇ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦੇ ਹਾਂ
- ਅਸੀਂ ਖੁੱਲ੍ਹੇ ਅਤੇ ਈਮਾਨਦਾਰ ਸੰਚਾਰਾਂ ਨੂੰ ਵਧਾਵਾ ਦਿੰਦੇ ਹਾਂ
- ਅਸੀਂ ਕੋਲਗੇਟ ਦੇ ਲੋਕਾਂ ਦੀ ਆਪਣੇ ਸਭ ਤੋਂ ਮਹਾਨ ਸਾਧਨ ਵਜੋਂ ਕਦਰ ਕਰਦੇ ਹਾਂ

## ਕੰਪਨੀ ਦੇ ਨਾਲ ਸਾਡਾ ਰਿਸ਼ਤਾ 12

- ਅਸੀਂ ਹਿੱਤਾਂ ਦੇ ਟਕਰਾਅ ਨੂੰ ਟਾਲਦੇ ਹਾਂ
- ਅਸੀਂ ਕੰਪਨੀ ਦੇ ਵਪਾਰਕ ਭੇਦਾਂ ਅਤੇ ਰਾਜ਼ਦਾਰ ਜਾਣਕਾਰੀ ਦੀ ਰੱਖਿਆ ਕਰਦੇ ਹਾਂ
- ਅਸੀਂ ਪ੍ਰੈਸ ਅਤੇ ਮੀਡੀਆ ਦੀ ਬੇਨਤੀ ਸਬੰਧੀ ਨੀਤੀਆਂ ਦੀ ਪਾਲਣਾ ਕਰਦੇ ਹਾਂ
- ਅਸੀਂ ਭਰੋਸੇਮੰਦ ਕਿਤਾਬਾਂ ਅਤੇ ਰਿਕਾੱਰਡ ਰੱਖਦੇ ਹਾਂ
- ਅਸੀਂ ਕੋਲਗੇਟ ਦੀਆਂ ਸੰਪਤੀਆਂ ਦੀ ਰਾਖੀ ਕਰਦੇ ਹਾਂ
- ਅਸੀਂ ਜਾਣਕਾਰੀ ਸਬੰਧੀ ਤਕਨਾਲੋਜੀ ਸ੍ਰੋਤਾਂ ਅਤੇ ਸੋਸ਼ਲ ਮੀਡੀਆ ਦੀ ਜ਼ਿੰਮੇਵਾਰੀ ਨਾਲ ਵਰਤੋਂ ਕਰਦੇ ਹਾਂ

## ਡਾਇਰੈਕਟਰਾਂ ਦੇ ਬੋਰਡ ਨਾਲ ਸਾਡਾ ਰਿਸ਼ਤਾ 19

- ਸਾਡਾ ਅਜਿਹਾ ਡਾਇਰੈਕਟਰਾਂ ਦਾ ਬੋਰਡ ਹੈ, ਜੋ ਖ਼ੁਦਮੁਖ਼ਤਾਰ, ਅਨੁਭਵੀ ਹੈ ਅਤੇ ਵਿਵਧ ਹੈ
- ਅਸੀਂ ਬੋਰਡ ਨਾਲ ਸਿੱਧੀ ਅਤੇ ਖੁੱਲ੍ਹੀ ਗੱਲਬਾਤ ਨੂੰ ਵਧਾਵਾ ਦਿੰਦੇ ਹਾਂ
- ਅਸੀਂ ਸ੍ਰੇਸ਼ਠ ਕਾਰਪੋਰੇਟ ਪ੍ਰਸ਼ਾਸਨ ਪ੍ਰਤੀ ਵਚਨਬੱਧ ਹਾਂ

## ਬਾਹਰੀ ਕਾਰੋਬਾਰੀ ਸੰਸਥਾਵਾਂ ਨਾਲ ਸਾਡਾ ਰਿਸ਼ਤਾ 20

- ਅਸੀਂ ਸਪਲਾਇਰਾਂ, ਖਪਤਕਾਰਾਂ ਅਤੇ ਹੋਰ ਤੀਜੀਆਂ ਧਿਰਾਂ ਦੇ ਨਾਲ ਨੈਤਿਕ ਤਰੀਕੇ ਨਾਲ ਨਜਿੱਠਦੇ ਹਾਂ
- ਅਸੀਂ ਅਨਉਚਿਤ ਤੋਹਫ਼ੇ ਦਿੰਦੇ ਜਾਂ ਸਵੀਕਾਰ ਨਹੀਂ ਕਰਦੇ
- ਅਸੀਂ ਹੋਰਨਾਂ ਦੇ ਕਾਰੋਬਾਰੀ ਭੇਤਾਂ ਅਤੇ ਰਾਜ਼ਦਾਰੀ ਵਾਲੀ ਜਾਣਕਾਰੀ ਦਾ ਸਤਿਕਾਰ ਕਰਦੇ ਹਾਂ

## ਖਪਤਕਾਰਾਂ ਦੇ ਨਾਲ ਸਾਡਾ ਰਿਸ਼ਤਾ 22

- ਅਸੀਂ ਆਪਣੇ ਉਤਪਾਦਾਂ ਲਈ ਸਭ ਤੋਂ ਉੱਚੇ ਮਿਆਰ ਤੈਅ ਕਰਦੇ ਹਾਂ
- ਅਸੀਂ ਖਪਤਕਾਰਾਂ ਨੂੰ ਹੁੰਗਾਰਾ ਦਿੰਦੇ ਹਾਂ
- ਸਾਡੇ ਵਿਗਿਆਪਨ ਇਮਾਨਦਾਰ ਅਤੇ ਦਰੁਸਤ ਹਨ

ਸਰਕਾਰ ਅਤੇ ਕਾਨੂੰਨ ਨਾਲ ਸਾਡਾ ਰਿਸ਼ਤਾ 24

- ਅਸੀਂ ਸਾਰੇ ਲਾਗੂ ਕਾਨੂੰਨਾਂ ਦੀ ਪਾਲਣਾ ਕਰਦੇ ਹਾਂ
- ਅਸੀਂ ਮੁਕਾਬਲੇਬਾਜ਼ੀ ਸਬੰਧੀ ਕਾਨੂੰਨਾਂ ਦੀ ਪਾਲਣਾ ਕਰਦੇ ਹਨ
- ਅਸੀਂ ਸਿਕਿਓਰਟੀਆਂ ਸਬੰਧੀ ਕਾਨੂੰਨਾਂ ਦੀ ਪਾਲਣਾ ਕਰਦੇ ਹਾਂ
- ਅਸੀਂ ਰਿਸ਼ਵਤ-ਵਿਰੋਧੀ ਕਾਨੂੰਨਾਂ ਦੀ ਪਾਲਣਾ ਕਰਦੇ ਹਾਂ
- ਅਸੀਂ ਅੰਤਰਰਾਸ਼ਟਰੀ ਵਪਾਰ ਕਾਇਦਿਆਂ ਦੀ ਪਾਲਣਾ ਕਰਦੇ ਹਾਂ
- ਅਸੀਂ ਡਾਟਾ ਲੁਕਾਅ ਅਤੇ ਡਾਟਾ ਰੱਖਿਆ ਕਾਨੂੰਨਾਂ ਦੀ ਪਾਲਣਾ ਕਰਦੇ ਹਾਂ
- ਅਸੀਂ ਰਿਕਾੱਰਡ ਸਾਂਭ ਕੇ ਰੱਖਣ ਵਾਲੇ ਕਾਨੂੰਨਾਂ ਦੀ ਪਾਲਣਾ ਕਰਦੇ ਹਾਂ
- ਅਸੀਂ ਸਿਆਸੀ ਯੋਗਦਾਨ ਨਹੀਂ ਦਿੰਦੇ

ਸਮਾਜ ਨਾਲ ਸਾਡਾ ਰਿਸ਼ਤਾ 31

- ਅਸੀਂ ਸਥਾਨਕ ਸਹਾਇਤਾ ਅਤੇ ਸਵੈ-ਸੇਵਾ ਵਿੱਚ ਹਿੱਸਾ ਲੈਂਦੇ ਹਾਂ
- ਸਾਡੇ ਕਾਰੋਬਾਰ 'ਦੇ ਅਸਰ ਪਾਉਣ ਵਾਲੇ ਮੁੱਦਿਆਂ ਬਾਰੇ ਅਸੀਂ ਸਰਕਾਰਾਂ ਨਾਲ ਕੰਮ ਕਰਦੇ ਹਾਂ
- ਅਸੀਂ ਸ਼ੋਸ਼ਣ, ਅਣਮਨੁੱਖੀ ਕਿਰਤ ਵਿਹਾਰਾਂ ਦਾ ਵਿਰੋਧ ਕਰਦੇ ਹਾਂ
- ਅਸੀਂ ਵਿਸ਼ਵ ਵਿਆਪੀ ਮਨੁੱਖੀ ਹੱਕਾਂ ਲਈ ਆਪਣੀ ਵਚਨਬੱਧਤਾ ਦਾ ਮੁਜ਼ਾਹਰਾ ਕਰਦੇ ਹਾਂ

ਵਾਤਾਵਰਨ ਨਾਲ ਸਾਡਾ ਰਿਸ਼ਤਾ 33

- ਅਸੀਂ ਜਾਰੀ ਰਹਿਣ ਯੋਗਤਾ ਅਤੇ ਸਮਾਜਕ ਜ਼ਿੰਮੇਵਾਰੀ ਲਈ ਵਚਨਬੱਧ ਹਾਂ
- ਅਸੀਂ ਧਰਤੀ ਦੀ ਸੁਰੱਖਿਆ ਅਤੇ ਰਾਖੀ ਕਰਦੇ ਹਾਂ

ਸ਼ੇਅਰਧਾਰਕਾਂ ਨਾਲ ਸਾਡਾ ਰਿਸ਼ਤਾ 34

- ਅਸੀਂ ਸ਼ੇਅਰਧਾਰਕ ਮੁੱਲ ਦੀ ਰਾਖੀ ਲਈ ਚੰਗੇ ਕਾਰਪੋਰੇਟ ਸੰਚਾਲਨ ਨੂੰ ਬਹਾਲ ਰੱਖਦੇ ਹਾਂ
- ਅਸੀਂ ਨਿਵੇਸ਼ਕਾਂ ਦਾ ਭਰੋਸਾ ਵਧਾਉਣ ਲਈ ਮਜ਼ਬੂਤ ਆੱਡਿਟ ਪ੍ਰੋਗਰਾਮਾਂ ਨੂੰ ਬਹਾਲ ਰੱਖਦੇ ਹਾਂ
- ਅਸੀਂ ਸ਼ੇਅਰਧਾਰਕਾਂ ਨੂੰ ਕੰਪਨੀ ਦੀ ਪ੍ਰਗਤੀ ਬਾਰੇ ਜਾਣੂ ਰੱਖਦੇ ਹਾਂ

ਪਾਲਣਾ ਲਈ ਜ਼ਿੰਮੇਵਾਰੀ 35

- ਸੰਚਾਰ ਅਤੇ ਖੁਲਾਸਾ ਜ਼ਰੂਰੀ ਹਨ
- ਜੇ ਤੁਹਾਨੂੰ ਨਿਰਦੇਸ਼ਨ ਚਾਹੀਦਾ ਹੈ ਤਾਂ ਸਾਡੇ ਕੋਲ ਤੁਹਾਡੀ ਮਦਦ ਕਰਨ ਲਈ ਅੰਦਰੂਨੀ ਸਾਧਨ ਹਨ
- ਅਸੀਂ ਢੁਕਵੇਂ ਸਾਧਨਾਂ ਤੱਕ ਚਿੰਤਾਵਾਂ ਰਿਪੋਰਟ ਕਰਨ ਵਾਸਤੇ "ਆਵਾਜ਼ ਉਠਾਉਂਦੇ ਹਾਂ"
- ਅਨੁਸ਼ਾਸਨੀ ਕਾਰਵਾਈਆਂ ਕੀਤੀਆਂ ਜਾ ਸਕਦੀਆਂ ਹਨ
- ਸੰਹਿਤਾ ਜ਼ਾਬਤਾ ਕੋਲਗੇਟ ਦੇ ਸਾਰੇ ਲੋਕਾਂ ਅਤੇ ਕੰਪਨੀ ਦੀਆਂ ਸਾਰੀਆਂ ਗਤੀਵਿਧੀਆਂ ਤੇ ਲਾਗੂ ਹੁੰਦੀ ਹੈ

# ਵਿਹਾਰ ਸੰਹਿਤਾ ਬਾਰੇ

ਸਾਡੀ ਕੋਲਗੇਟ ਦੀ ਵਿਹਾਰ ਸੰਹਿਤਾ ਜ਼ਾਬਤਾ ਇਹ ਯਕੀਨੀ ਬਣਾਉਣ ਲਈ ਇੱਕ ਮਹੱਤਵਪੂਰਣ ਸੋਮੇ ਦੇ ਤੌਰ 'ਤੇ ਕੰਮ ਕਰਦੀ ਹੈ ਕਿ ਸਾਡੀਆਂ ਰੋਜ਼ ਦੀ ਕਾਰੋਬਾਰੀ ਗੱਲਾਂਬਾਤਾਂ ਦਾ ਸੰਚਾਲਨ ਦਿਆਨਤਦਾਰੀ ਨਾਲ ਕੀਤਾ ਜਾਂਦਾ ਹੈ। ਸੰਹਿਤਾ ਸਾਨੂੰ ਸਾਰਿਆਂ ਨੂੰ ਸਾਫ਼ ਤੌਰ 'ਤੇ ਦੱਸਦੀ ਹੈ ਕਿ ਜਿਸ ਤਰੀਕੇ ਨਾਲ ਅਸੀਂ ਆਪਣੇ ਕਾਰੋਬਾਰੀ ਨਤੀਜਿਆਂ ਨੂੰ ਹਾਸਿਲ ਕਰਦੇ ਹਾਂ, ਉਹ ਮਾਇਨੇ ਰੱਖਦਾ ਹੈ। ਸੰਹਿਤਾ ਡਾਇਰੈਕਟਰਾਂ, ਅਫ਼ਸਰਾਂ, ਅਤੇ ਕੰਪਨੀ ਦੇ ਸਾਰੇ ਮੁਲਾਜ਼ਮਾਂ ਅਤੇ ਇਸਦੀਆਂ ਸਹਾਇਕ ਕੰਪਨੀਆਂ ਸਮੇਤ, ਕੋਲਗੇਟ ਨਾਲ ਕੰਮ ਕਰਨ ਵਾਲੇ ਸਾਰੇ ਲੋਕਾਂ 'ਤੇ ਲਾਗੂ ਹੁੰਦੀ ਹੈ। ਵਿਕ੍ਰੇਤਾ ਅਤੇ ਸਪਲਾਇਰ ਵੀ ਇਹਨਾਂ ਸ਼ਰਤਾਂ ਹੇਠ ਆਉਂਦੇ ਹਨ, ਕਿਉਂਕਿ ਕੋਲਗੇਟ ਨਾਲ ਕਾਰੋਬਾਰ ਕਰਨ ਲਈ ਕੋਲਗੇਟ ਦੇ ਤੀਜੀ ਧਿਰ ਦੀ ਸੰਹਿਤਾ ਦੀ ਪਾਲਣਾ ਕਰਨਾ ਇੱਕ ਸ਼ਰਤ ਹੈ।

ਹਰ ਇੱਕ ਮੁਲਾਜ਼ਮ ਸੰਹਿਤਾ, ਵਿਸ਼ਵ ਵਿਆਪੀ ਕਾਰੋਬਾਰ ਚਲਾਉਣ ਸਬੰਧੀ ਸੇਧਾਂ, ਕੰਪਨੀ ਦੀਆਂ ਨੀਤੀਆਂ ਅਤੇ ਲਾਗੂ ਹੋਣ ਵਾਲੇ ਸਾਰੇ ਕਾਨੂੰਨਾਂ ਦੀ ਪਾਲਣਾ ਕਰਕੇ ਖਰਿਆਈ ਅਤੇ ਅਗਵਾਈ ਦਾ ਮੁਜ਼ਾਹਰਾ ਕਰਨ ਲਈ ਜ਼ਿੰਮੇਵਾਰ ਹੈ। ਸਾਡੇ ਲਗਾਤਾਰ ਚੱਲਣ ਵਾਲੇ ਕਾਰੋਬਾਰੀ ਸਬੰਧਾਂ ਅਤੇ ਫ਼ੈਸਲੇ ਲੈਣ ਵਿਚ ਨੈਤਿਕਤਾ ਅਤੇ ਖਰਿਆਈ ਨੂੰ ਪੂਰੀ ਤਰ੍ਹਾਂ ਸ਼ਾਮਲ ਕਰ ਕੇ, ਅਸੀਂ ਇੱਕ ਅਜਿਹੇ ਸਭਿਆਚਾਰ ਪ੍ਰਤੀ ਵਚਨਬੱਧਤਾ ਦਾ ਮੁਜ਼ਾਹਰਾ ਕਰਦੇ ਹਾਂ, ਜੋ ਸਭ ਤੋਂ ਉੱਚੇ ਨੈਤਿਕ ਮਿਆਰਾਂ ਨੂੰ ਵਧਾਵਾ ਦਿੰਦਾ ਹੈ।

ਜੇ ਸੰਹਿਤਾ ਜਾਂ ਕਿਸੇ ਸਬੰਧਤ ਕੋਲਗੇਟ ਨੀਤੀ ਜਾਂ ਕਾਰਜਵਿਧੀ ਦੀ ਵਿਆਖਿਆ ਜਾਂ ਪਾਲਣ ਕਰਨ ਬਾਰੇ ਤੁਹਾਡੇ ਕੋਈ ਸਵਾਲ ਜਾਂ ਚਿੰਤਾਵਾਂ ਹਨ ਤਾਂ ਤੁਹਾਨੂੰ ਆਪਣੇ ਮੈਨੇਜਰ, ਮਨੁੱਖੀ ਸਾਧਨ (Human Resources), ਵਿਸ਼ਵ ਵਿਆਪੀ ਕਾਨੂੰਨੀ ਜੱਥੇਬੰਦੀ (Global Legal Organization) ਜਾਂ ਵਿਸ਼ਵ ਵਿਆਪੀ ਨੈਤਿਕਤਾ ਅਤੇ ਪਾਲਣਾ (Global Ethics & Compliance) ਦੇ ਨਾਲ ਸਥਿਤੀ ਦੀ ਚਰਚਾ ਕਰਨੀ ਚਾਹੀਦੀ ਹੈ।

ਸਭ ਤੋਂ ਉੱਤੇ ਨੈਤਿਕ ਮਿਆਰਾਂ ਨੂੰ ਕਾਇਮ ਰੱਖਣਾ, ਅਤੇ ਅਨਉਚਿਤ ਜਾਂ ਗੈਰ-ਕਾਨੂੰਨੀ ਵਿਵਹਾਰ ਤੋਂ ਮੁਕਤ ਕਾਰਜ-ਥਾਂ ਬਣਾਉਣਾ ਕੋਲਗੇਟ ਦੀ ਨੀਤੀ ਅਤੇ ਅਭਿਆਸ ਹੈ, ਜਿਸ ਵਿੱਚ ਲੋਕਾਂ ਨੂੰ ਇੰਤਕਾਮ ਦੇ ਡਰ ਦੇ ਬਿਨਾਂ ਕੰਪਨੀ ਨਾਲ ਆਪਣੀਆਂ ਚਿੰਤਾਵਾਂ ਨੂੰ ਸਾਂਝਾ ਕਰਨ ਲਈ ਉਤਸਾਹਿਤ ਕੀਤਾ ਜਾਂਦਾ ਹੈ। ਨਤੀਜੇ ਵਜੋਂ, ਕੋਲਗੇਟ ਵਿਖੇ, ਕਿਸੇ ਮੁਲਾਜ਼ਮ, ਪੂਰਵ ਮੁਲਾਜ਼ਮ, ਏਜੰਟ ਜਾਂ ਤੀਜੀ ਪਾਰਟੀ ਦੇ ਖਿਲਾਫ਼ ਕੰਪਨੀ ਦੀ ਵਿਹਾਰ ਸੰਹਿਤਾ, ਕੰਪਨੀ ਦੀ ਨੀਤੀ ਜਾਂ ਲਾਗੂ ਕਾਨੂੰਨ ਦੀ ਸੰਦਿਗਧ ਉਲੰਘਣਾ ਦੀ ਛਾਣ-ਬੀਣ ਦੀ ਸ਼ਿਕਾਇਤ ਕਰਨ ਬਾਰੇ, ਰਿਪੋਰਟ, ਭਾਗੀਦਾਰੀ ਜਾਂ ਮਦਦ ਕਰਨ ਲਈ ਕੋਈ ਵਿਪਰੀਤ ਕਾਰਵਾਈ ਨਹੀਂ ਕੀਤੀ ਜਾਵੇਗੀ, ਜਦੋਂ ਤੱਕ ਲਗਾਏ ਗਏ ਦੋਸ਼ ਜਾਂ ਪ੍ਰਦਾਨ ਕੀਤੀ ਜਾਣਕਾਰੀ ਦੇ ਜਾਣਬੁੱਧ ਕੇ ਗ਼ਲਤ ਹੋਣ ਦਾ ਪਤਾ ਨਹੀਂ ਲਗਦਾ ਜਾਂ ਇਹ ਚੰਗੇ ਵਿਸ਼ਵਾਸ ਵਿੱਚ ਨਹੀਂ ਦਿੱਤੀ ਗਈ ਸੀ। ਵੱਧ ਤੋਂ ਵੱਧ ਸੰਭਵ ਹੱਦ ਤੱਕ, ਕੋਲਗੇਟ ਸਾਰੀਆਂ ਸ਼ਿਕਾਇਤਾਂ ਦੀ ਰਾਜ਼ਦਾਰੀ ਨੂੰ ਕਾਇਮ ਰੱਖੇਗੀ। ਇੰਤਕਾਮਾਂ ਦੇ ਸਾਰੇ ਦੋਸ਼ਾਂ ਦੀ ਪੜਤਾਲ ਕੀਤੀ ਜਾਵੇਗੀ, ਅਤੇ ਜੇ ਢੁਕਵਾਂ ਹੋਵੇ ਤਾਂ ਅਨੁਸ਼ਾਸਨ-ਸਬੰਧੀ ਕਾਰਵਾਈ ਕੀਤੀ ਜਾਵੇਗੀ, ਜਿਸ ਵਿੱਚ ਨੌਕਰੀ ਦੀ ਸਮਾਪਤੀ ਤੱਕ ਅਤੇ ਸਮਾਪਤੀ ਸ਼ਾਮਲ ਹੈ।

ਸੰਹਿਤਾ ਆੱਨਲਾਈਨ ਉਪਲਬਧ ਹੈ ਅਤੇ ਇਸਦਾ ਅਨੁਵਾਦ ਚਾਲ੍ਹੀ ਭਾਸ਼ਾਵਾਂ ਵਿੱਚ ਕੀਤਾ ਗਿਆ ਹੈ। ਕੋਲਗੇਟ ਦੇ ਲੋਕਾਂ ਨੂੰ ਸੰਹਿਤਾ ਪੜ੍ਹਣ, ਉਸਨੂੰ ਸਮਝਣ ਅਤੇ ਉਸ ਦੀ ਪਾਲਣਾ ਕਰਨ ਦੀ ਲੋੜ ਹੈ। ਸਾਡੇ ਇਕਰਾਰ ਦਾ ਦੁਬਾਰਾ ਸਮਰਥਨ ਕਰਨ ਲਈ, ਕੋਲਗੇਟ ਦੇ ਲੋਕ ਸੰਹਿਤਾ ਸੰਬੰਧੀ ਸਿੱਖਲਾਈ ਪ੍ਰਾਪਤ ਕਰਦੇ ਹਨ ਅਤੇ ਸਾਲਾਨਾ ਆਧਾਰ ਉੱਤੇ ਪ੍ਰਮਾਣਿਤ ਕੀਤੇ ਜਾਂਦੇ ਹਨ।

ਚੰਗੇ ਫੈਸਲੇ ਦੀ ਵਰਤੋਂ ਕਰਕੇ ਅਤੇ ਸਵਾਲ ਪੈਦਾ ਹੋਣ ਵੇਲੇ ਨਿਰਦੇਸ਼ਨ ਦੀ ਮੰਗ ਕਰਕੇ ਸੰਹਿਤਾ ਪਾਲਣਾ ਕਰਨਾ ਹੋਰ ਸੌਖਾ ਹੁੰਦਾ ਹੈ। ਜੇ ਤੁਸੀਂ ਕਿਸੇ ਵਿਸ਼ੇਸ਼ ਕਾਰਵਾਈ ਬਾਰੇ ਅਨਿਸ਼ਚਿਤ ਹੋ, ਤਾਂ ਆਪਣੇ-ਆਪ ਨੂੰ ਹੇਠ ਲਿਖਿਆ ਪੁੱਛੋ:

# ਨੈਤਿਕਤਾ-ਸਬੰਧੀ ਨਿਰਣੇ ਲੈਣ ਵਾਲੇ ਸਵਾਲ

**ਸਵਾਲ:**

ਕੀ ਮੈਨੂੰ ਇਹ ਕੰਮ ਕਰਨ ਦਾ ਅਧਿਕਾਰ ਹੈ?

**ਸਵਾਲ:**

ਕੀ ਮੈਂ ਮਿਸਾਲ ਬਣਾ ਰਿਹਾ/ਰਹੀ ਹਾਂ?

**ਸਵਾਲ:**

ਕੀ ਇਹ ਕੰਮ ਕਰਨਾ ਠੀਕ ਹੈ?

**ਸਵਾਲ:**

ਕੀ ਕੰਮ ਕਾਨੂੰਨੀ ਅਤੇ ਸਾਡੀਆਂ ਕਦਰਾਂ, ਸੰਹਿਤਾ, ਸਾਡੇ ਵਪਾਰਕ ਅਭਿਆਸਾਂ ਦੇ ਦਿਸ਼ਾ-ਨਿਰਦੇਸ਼ਾਂ ਅਤੇ ਹੋਰ ਨੀਤੀਆਂ ਦੇ ਅਨੁਕੂਲ ਹੈ?

**ਸਵਾਲ:**

ਕੀ ਇਸ ਕੰਮ ਨੂੰ ਕਿਸੇ ਅਜਿਹੇ ਵਿਅਕਤੀ ਨੂੰ ਰਿਪੋਰਟ ਕਰਦਿਆਂ ਮਾਣ ਹੋਏਗਾ, ਜਿਸਦਾ ਮੈਂ ਸਤਿਕਾਰ ਕਰਦਾ/ਕਰਦੀ ਹਾਂ?

**ਸਵਾਲ:**

ਕੀ ਇਸ ਕੰਮ ਨਾਲ ਕੋਲਗੇਟ ਦੀ ਸਾਖ਼ ਇੱਕ ਨੈਤਿਕ ਕੰਪਨੀ ਵਜੋਂ ਹੋਰ ਵਧੇਗੀ?

**ਸਵਾਲ:**

ਕੀ ਮੈਂ ਸਭ ਤੋਂ ਉੱਚੇ ਨੈਤਿਕ ਮਿਆਰਾਂ ਦਾ ਮੁਜ਼ਾਹਰਾ ਕਰ ਰਿਹਾ/ਰਹੀ ਹਾਂ?

**ਜਵਾਬ:**

**ਹਾਂ,** ਅੱਗੇ ਵਧੋ।

**ਨਹੀਂ,** ਕਿਰਪਾ ਕਰਕੇ ਵਿਸ਼ਵ ਵਿਆਪੀ ਕਾਨੂੰਨੀ ਜੱਥੇਬੰਦੀ ਜਾਂ ਵਿਸ਼ਵ ਵਿਆਪੀ ਨੈਤਿਕਤਾ ਅਤੇ ਪਾਲਣਾ ਨਾਲ ਸਲਾਹ ਕਰੋ।

# ਇਕ ਦੂਜੇ ਨਾਲ ਸਾਡਾ ਰਿਸ਼ਤਾ



*ਇੱਕ ਦੂਜੇ ਨਾਲ ਸਾਡੇ ਆਪਸੀ-ਪ੍ਰਭਾਵ ਆਪਸੀ ਵਿਸ਼ਵਾਸ ਅਤੇ ਸਤਿਕਾਰ 'ਤੇ ਅਧਾਰਿਤ ਹੋਣਾ ਚਾਹੀਦਾ ਹੈ।*

## ਅਸੀਂ ਸਫਲ ਕੰਮਕਾਜੀ ਰਿਸ਼ਤੇ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦੇ ਹਾਂ

ਕੋਲਗੇਟ ਵਿਚ, ਸਾਨੂੰ ਆਪਣੇ ਲੋਕਾਂ ਦੀ ਮਜ਼ਬੂਤ ਨਿਜੀ ਵਚਨਬੱਧਤਾ ਅਤੇ ਸ੍ਰੇਸ਼ਠ ਪ੍ਰਾਪਤੀਆਂ 'ਤੇ ਮਾਣ ਹੈ, ਜੋ ਕਿ ਉਸ ਵਚਨਬੱਧਤਾ ਦਾ ਨਤੀਜਾ ਹਨ ਪਰ ਵਚਨਬੱਧਤਾ ਦਾ ਇਹ ਪੱਧਰ ਸਿਰਫ਼ ਵਿਸ਼ਵਾਸ, ਖੁੱਲ੍ਹੀ ਅਤੇ ਇਮਾਨਦਾਰ ਗੱਲਬਾਤ ਅਤੇ ਸਤਿਕਾਰ ਵਾਲੇ ਮਾਹੌਲ ਵਿਚ ਪ੍ਰਾਪਤ ਕੀਤਾ ਜਾ ਸਕਦਾ ਹੈ। ਤੁਹਾਡੇ ਸਾਥੀਆਂ, ਤੁਹਾਨੂੰ ਸਿੱਧਿਆਂ ਰਿਪੋਰਟ ਕਰਨ ਵਾਲਿਆਂ ਅਤੇ ਸੁਪਰਵਾਈਜ਼ਰਾਂ ਨਾਲ ਤੁਹਾਡੇ ਸਾਰੇ ਵਿਹਾਰ ਭਾਈਵਾਲੀ ਦੇ ਰੂਪ ਵਿਚ ਕੀਤੇ ਜਾਣੇ ਚਾਹੀਦੇ ਹਨ, ਜਿਸ ਵਿਚ ਹਰ ਵਿਅਕਤੀ ਦਾ ਵਿਹਾਰ ਸਭ ਤੋਂ ਉੱਚੇ ਨੈਤਿਕ ਮਿਆਰਾਂ ਨੂੰ ਬਣਾਈ ਰੱਖਣ ਲਈ ਪ੍ਰਮੁਖ ਵਚਨਬੱਧਤਾ ਨਾਲ ਚੱਲਦਾ ਹੈ।

ਜਿਹਨਾਂ ਲੋਕਾਂ ਨਾਲ ਤੁਸੀਂ ਕੰਮ ਕਰਦੇ ਹੋ, ਨਾਲ ਤੁਹਾਡਾ ਸਬੰਧ ਇੱਕ ਜੇਤੂ ਟੀਮ ਦੇ ਮੈਂਬਰ ਵਾਂਗ ਹੋਣਾ ਚਾਹੀਦਾ ਹੈ। ਮੇਲ-ਮਿਲਾਪ ਨਾਲ ਅਤੇ ਆਪਸੀ ਟੀਚਿਆਂ ਦੇ ਇੱਕ ਸਮੂਹ 'ਤੇ ਧਿਆਨ ਲਾਕੇ ਕੰਮ ਕਰਨ ਵਾਲੇ ਲੋਕ, ਸਾਡੇ ਕਾਰੋਬਾਰ ਦੇ ਪਿੱਛੇ ਕੰਮ ਕਰਨ ਵਾਲੀ ਤਾਕਤ ਹਨ। ਊਰਜਾ ਨਾਲ ਭਰੀ ਇਸ ਟੀਮ ਦੇ ਸਬੰਧਾਂ ਦੇ ਕੰਮ ਕਰਨ ਲਈ, ਹਰ ਵਿਅਕਤੀ ਨੂੰ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣੀਆਂ ਚਾਹੀਦੀਆਂ ਹਨ ਅਤੇ ਇਹ ਵਿਸ਼ਵਾਸ ਰੱਖਣਾ ਚਾਹੀਦਾ ਹੈ ਕਿ ਦੂਜੇ ਵੀ ਇੰਜ ਹੀ ਕਰਨਗੇ। ਇਸਦਾ ਮਤਲਬ ਹੈ ਕਿ ਕੰਮ ਪੂਰਾ ਕਰਨ ਲਈ ਹਰ ਪੱਧਰ 'ਤੇ ਦੂਜਿਆਂ ਨੂੰ ਲੋੜੀਂਦੀ ਮਦਦ ਕਰਨਾ। ਕੋਈ ਵਿਅਕਤੀ ਜਾਂ ਕਾਰੋਬਾਰੀ ਯੂਨਿਟ, ਕੰਪਨੀ ਦੀਆਂ ਪ੍ਰਾਥਮਿਕਤਾਵਾਂ ਤੋਂ ਪਹਿਲਾਂ ਆਪਣੀਆਂ ਪ੍ਰਾਥਮਿਕਤਾਵਾਂ ਨਹੀਂ ਰੱਖ ਸਕਦਾ।

ਤੁਹਾਡੇ ਨਾਲ ਕੰਮ ਕਰਨ ਵਾਲੇ ਲੋਕਾਂ ਨਾਲ ਤੁਹਾਡੇ ਸਬੰਧ ਨੂੰ ਸਾਊਪੁਣੇ, ਨਿਰਪੱਖਤਾ ਅਤੇ ਦਿਆਨਤਦਾਰੀ ਦੀ ਮਿਸਾਲ ਕਾਇਮ ਕਰਕੇ ਨੈਤਿਕਤਾ ਨੂੰ ਵਧਾਵਾ ਦੇਣਾ ਚਾਹੀਦਾ ਹੈ। ਆਗੂਆਂ ਵਜੋਂ, ਅਸੀਂ ਸਾਰੇ ਕਾਰਗੁਜ਼ਾਰੀ ਦੇ ਉਚੇਰੇ ਮਿਆਰਾਂ ਨੂੰ ਕਾਇਮ ਰੱਖਣ ਅਤੇ ਇੱਕ ਅਜਿਹਾ ਮਾਹੌਲ ਸਿਰਜਣ ਲਈ ਜ਼ਿੰਮੇਵਾਰ ਹਾਂ, ਜੋ ਟੀਮਵਰਕ, ਸਤਿਕਾਰ ਅਤੇ ਨੈਤਿਕ ਵਿਹਾਰ ਨੂੰ ਵਧਾਏ।

## ਅਸੀਂ ਖੁੱਲ੍ਹੇ ਅਤੇ ਈਮਾਨਦਾਰ ਸੰਚਾਰਾਂ ਨੂੰ ਵਧਾਵਾ ਦਿੰਦੇ ਹਾਂ

ਰਚਨਾਤਮਕ ਅਤੇ ਨਵੀਂ ਸੋਚ ਨੂੰ ਪ੍ਰੇਰੋ ਅਤੇ ਜੇ ਤੁਸੀਂ ਸੁਪਰਵਾਈਜ਼ਰ ਹੋ, ਤਾਂ ਆਪਣੇ ਹੇਠਾਂ ਕੰਮ ਕਰਦੇ ਲੋਕਾਂ ਨਾਲ ਵਿਅਕਤੀਗਤ ਢੰਗ ਵਾਂਗ ਵਿਹਾਰ ਕਰੋ, ਉਹਨਾਂ ਨੂੰ ਆਪਣੇ ਕੰਮ ਕਰਨ ਦੇਣ ਲਈ ਲੋੜੀਂਦੀ ਸੁਤੰਤਰਤਾ ਦਿਓ। ਕਾਰਗੁਜ਼ਾਰੀ ਵਿਚ ਸੁਧਾਰ ਕਰਨ ਲਈ ਸੁਝਾਅ ਦਿਓ।

ਆਪਣੇ ਸੁਪਰਵਾਈਜ਼ਰ ਨਾਲ ਤੁਹਾਡਾ ਰਿਸ਼ਤਾ ਆਪਸੀ ਸਤਿਕਾਰ ਅਤੇ ਭਰੋਸੇ ਦਾ ਹੋਣਾ ਚਾਹੀਦਾ ਹੈ। ਤੁਸੀਂ ਅਤੇ ਤੁਹਾਡਾ ਸੁਪਰਵਾਈਜ਼ਰ, ਕੰਪਨੀ ਵਲੋਂ ਤੁਹਾਡੀ ਯੂਨਿਟ ਲਈ ਮਿੱਥੇ ਟੀਚੇ ਹਾਸਿਲ ਕਰਨ ਦੇ ਸਾਂਝੇ ਉਦੇਸ਼ ਵਾਲੀ ਇੱਕ ਟੀਮ ਹੋ।

ਆਪਣੇ ਸੁਪਰਵਾਈਜ਼ਰ ਵਾਂਗ ਤੁਸੀਂ ਵੀ ਇਹ ਯਕੀਨੀ ਬਣਾਉਣ ਲਈ ਜ਼ਿੰਮੇਵਾਰ ਹੋ ਕਿ ਤੁਹਾਡੇ ਵਿਚਕਾਰ ਖੁਲ੍ਹੇ ਦਿਲ ਵਾਲੀ ਅਤੇ ਇਮਾਨਦਾਰ ਗੱਲਬਾਤ ਹੈ। ਤੁਸੀਂ ਜਿੰਨੀ ਜਿਆਦਾ ਵਾਰ ਕਰ ਸਕਦੇ ਹੋ, ਪਹਿਲ ਕਰੋ। ਨਵੇਂ ਤਰੀਕਿਆਂ ਨਾਲ ਸਮਸਿਆਵਾਂ ਹੱਲ ਕਰੋ। ਤੁਹਾਡੇ ਯੂਨਿਟ ਅਤੇ ਕੰਪਨੀ ਦੇ ਟੀਚੇ ਹਾਸਿਲ ਕਰਨ ਲਈ ਤੁਹਾਡੀ ਮਿਲਵਰਤਨ ਅਤੇ ਰਚਨਾਤਮਕਤਾ ਜ਼ਰੂਰੀ ਹੈ।

## ਅਸੀਂ ਕੋਲਗੇਟ ਦੇ ਲੋਕਾਂ ਦੀ ਆਪਣੇ ਸਭ ਤੋਂ ਮਹਾਨ ਸਾਧਨ ਵਜੋਂ ਕਦਰ ਕਰਦੇ ਹਾਂ

ਲੋਕਾਂ ਦਾ ਖ਼ਿਆਲ ਰੱਖਣ ਲਈ ਕੋਲਗੇਟ ਦੀ ਵਚਨਬੱਧਤਾ ਵਿਅਕਤੀਗਤ ਅਤੇ ਟੀਮ ਦੀ ਪ੍ਰਾਪਤੀ ਨੂੰ ਇਨਾਮ ਦੇਣ ਅਤੇ ਉਤਸਾਹਿਤ ਕਰਨ ਦੇ ਵੱਖ ਵੱਖ ਪ੍ਰੋਗਰਾਮਾਂ ਰਾਹੀਂ ਸਾਫ਼ ਝਲਕਦੀ ਹੈ। ਤੁਸੀਂ ਜਿੰਨਾ ਵੀ ਵੱਧ ਸਕਦੇ ਹੋ, ਤੁਹਾਨੂੰ ਓਨਾ ਹੀ ਅੱਗੇ ਵਧਣ ਲਈ, ਅਤੇ ਕੰਪਨੀ ਦੀ ਕਾਮਯਾਬੀ ਵਿਚ ਸਾਰਥਕ ਯੋਗਦਾਨ ਪਾਣ ਲਈ ਉਤਸਾਹਿਤ ਕੀਤਾ ਜਾਂਦਾ ਹੈ। ਅਖ਼ੀਰ ਵਿਚ, ਦੁਨੀਆ ਭਰ ਵਿਚ ਸਾਡੇ ਪ੍ਰਤਿਭਾਸ਼ਾਲੀ ਅਤੇ ਕੁਸ਼ਲ ਲੋਕਾਂ ਦੀਆਂ ਕੋਸ਼ਿਸ਼ਾਂ ਹਨ, ਜੋ ਸਾਡੇ ਕਾਰੋਬਾਰ ਦੀ ਕਾਮਯਾਬੀ ਨੂੰ ਸੰਭਵ ਬਣਾਉਂਦੀਆਂ ਹਨ।

ਕੋਲਗੇਟ ਦੇ ਨਾਲ ਕੰਮ ਕਰਦੇ ਲੋਕੀਂ ourcolgate.com ਤੇ ਕੰਪਨੀ ਦੀ ਬਰਾਬਰ ਰੁਜ਼ਗਾਰ ਨੀਤੀ ਦੇਖ ਕੇ ਵਧੇਰੀ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ।

- ਅਸੀਂ ਸਮਿਲਤ ਕਰਨ ਵਾਲਾ ਕੰਮ ਕਰਨ ਦਾ ਮਾਹੌਲ ਬਣਾਈ ਰੱਖਦੇ ਹਾਂ ਅਤੇ ਆਪਣੀ ਮਨੁੱਖੀ-ਸ਼ਕਤੀ ਵਿਚ ਸਾਰੇ ਪਿਛੋਕੜਾਂ ਦੇ ਲੋਕਾਂ ਨੂੰ ਆਕਰਸ਼ਤ ਕਰਕੇ ਅਤੇ ਬਣਾਈ ਰੱਖਕੇ ਸ੍ਰੇਸ਼ਠਤਾ ਹਾਸਿਲ ਕਰਦੇ ਹਾਂ।

- ਅਸੀਂ ਕੰਮ ਵਾਲੀ ਥਾਂ ਵਿਚ ਜਾਂ ਕੰਪਨੀ ਦਾ ਕੰਮਕਾਜ ਕਰਦਿਆਂ ਕਿਸੇ ਵੀ ਵਿਅਕਤੀ ਵਲੋਂ ਕੋਲਗੇਟ ਨਾਲ ਕੰਮ ਕਰਨ ਵਾਲੇ ਲੋਕਾਂ ਨੂੰ ਜਿਨਸੀ ਜਾਂ ਕਿਸੇ ਹੋਰ ਤਰੀਕੇ ਨਾਲ ਤੰਗ-ਪਰੇਸ਼ਾਨ ਕੀਤੇ ਜਾਣ ਤੋਂ ਮਨ੍ਹਾ ਕਰਦੇ ਹਾਂ।
- ਅਸੀਂ ਕੰਪਨੀ ਵਲੋਂ ਅਪਣਾਈਆਂ ਗਈਆਂ ਨੀਤੀਆਂ ਅਤੇ ਅਮਲਾਂ ਮੁਤਾਬਕ ਕੰਮ ਵਾਲੀ ਥਾਂ ਵਿਚ ਲਿਹਾਜ਼ਦਾਰੀ ਜਾਂ ਲਿਹਾਜ਼ਦਾਰੀ ਦੇ ਪ੍ਰਗਟਾਵੇ ਤੋਂ ਬਚਣ ਦੀ ਕੋਸ਼ਿਸ਼ ਕਰਦੇ ਹਾਂ।

ਕੋਲਗੇਟ ਦੇ ਲੋਕੀਂ ourcolgate.com ਉੱਤੇ ਕੰਪਨੀ ਦੀ ਤੰਗ-ਪਰੇਸ਼ਾਨ ਕਰਨ ਵਿਰੋਧੀ ਨੀਤੀ ਦੇਖ ਕੇ ਵਧੇਰੀ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ।

ਕੋਲਗੇਟ ਸਾਰੇ ਯੋਗ ਲੋਕਾਂ ਨੂੰ ਬਰਾਬਰੀ ਦੇ ਅਧਾਰ 'ਤੇ ਰੋਜ਼ਗਾਰ ਦੇ ਮੌਕੇ ਉਪਲਬਧ ਕਰਾਉਂਦੀ ਹੈ। ਕੰਪਨੀ ਕਿਸੇ ਮੁਲਾਜ਼ਮ ਜਾਂ ਬਿਨੈਕਾਰ ਦੇ ਖਿਲਾਫ਼ ਰੋਜ਼ਗਾਰ ਲਈ ਹੇਠ ਲਿਖੇ ਕਰਕੇ ਪੱਖਪਾਤ ਨਹੀਂ ਕਰੇਗੀ:

ਇਸ ਵਿਚ ਸ਼ਾਮਲ ਹੈ, ਪਰ ਇਹਨਾਂ ਤੱਕ ਸੀਮਤ ਨਹੀਂ ਹੈ ਭਰਤੀ, ਕੰਮ 'ਤੇ ਰੱਖਣਾ, ਤਰੱਕੀ, ਤਬਾਦਲਾ, ਮੁਆਵਜ਼ਾ, ਸਿਖਲਾਈ, ਅਹੁਦਾ-ਘਟਾਉਣਾ ਜਾਂ ਨੌਕਰੀ ਤੋਂ ਕੱਢਣਾ।

- ਜਾਤ ਜਾਂ ਨਸਲ
- ਰੰਗ
- ਧਰਮ
- ਲਿੰਗ ਜਾਂ ਲਿੰਗਕ ਪਛਾਣ
- ਰਾਸ਼ਟਰੀ ਉਤਪਤੀ
- ਉਮਰ
- ਜਿਨਸੀ ਰੁਝਾਨ
- ਅਪੰਗਤਾ
- ਵਿਆਹੁਤਾ-ਦਰਜਾ
- ਵੈਟਰਨ ਦਰਜਾ
  (ਸੈਨਾ, ਨੌ-ਸੈਨਾ ਜਾਂ ਵਾਯੂ ਸੈਨਾ ਤੋਂ ਸੇਵਾ ਨਿਵਿਰਤ)
- ਕਾਨੂੰਨ ਵਲੋਂ ਸੁਰੱਖਿਅਤ ਹੋਰ ਗੁਣ-ਲੱਛਣ

**ਸਵਾਲ:**

ਮੇਰਾ ਮੰਨਣਾ ਹੈ ਕਿ ਮੇਰਾ ਸੁਪਰਵਾਈਜ਼ਰ ਸਾਡੇ ਕੁਝ ਟੀਮ ਮੈਂਬਰਾਂ ਦੇ ਨਾਲ ਬੇਅਦਬ ਤਰੀਕੇ ਨਾਲ ਵਿਵਹਾਰ ਕਰਦਾ ਹੈ ਜੋ ਸਤਿਕਾਰ ਨਾਲ ਪ੍ਰਬੰਧ ਕਰਨ ਦੇ ਸਾਡੇ ਸਿਧਾਂਤਾਂ ਦੇ ਅਨੁਕੂਲ ਨਹੀਂ ਹੈ, ਪਰ ਮੈਂ ਨਿਸ਼ਚਿਤ ਨਹੀਂ ਹਾਂ। ਕੀ ਮੈਂ ਇਸ EthicsLine ਦੇ ਦੁਆਰਾ ਇਸ ਬਾਰੇ ਕਿਸੇ ਨਾਲ ਸਲਾਹ ਕਰ ਸਕਦਾ/ਸਕਦੀ ਹਾਂ?

**ਜਵਾਬ:**

**ਹਾਂ,** ਤੁਸੀਂ ਕਰ ਸਕਦੇ ਹੋ। ਪਰ, ਯਾਦ ਰੱਖੋ ਜਦੋਂ ਤੁਸੀਂ ਕੰਮ ਦੀ ਥਾਂ ਬਾਰੇ ਕਿਸੇ ਮੁੱਦੇ ਬਾਰੇ ਚਿੰਤਤ ਹੁੰਦੇ ਹੋ ਤਾਂ ਤੁਸੀਂ ਆਪਣੇ ਸਥਾਨਕ ਮਨੁੱਖੀ ਸਾਧਨਾਂ ਦੇ ਪ੍ਰਤੀਨਿਧੀ ਜਾਂ ਆਪਣੀ ਆਗੂ ਟੀਮ ਦੇ ਭਰੋਸੇਮੰਦ ਸਦੱਸ ਦੇ ਨਾਲ ਵੀ ਸਲਾਹ ਕਰ ਸਕਦੇ ਹੋ। ਜੇ ਤੁਸੀਂ ਪਸੰਦ ਕਰੋ, ਤਾਂ ਤੁਹਾਡੇ ਵਾਸਤੇ ਸੇਧ ਜਾਂ ਸਪਸ਼ਟੀਕਰਣ ਮੰਗਣ ਤਲਾਸ਼ ਲਈ ਵਿਸ਼ਵ ਵਿਆਪੀ ਨੈਤਿਕਤਾ ਅਤੇ ਪਾਲਣਾ ਵੀ ਹੈ।

**ਸਵਾਲ:**

ਮੇਰੇ ਵਿਭਾਗ ਦੇ ਇਕ ਸਦੱਸ ਨੇ ਅਪਮਾਨਜਨਕ ਨਾਮਾਂ ਦੀ ਵਰਤੋਂ ਸਮੇਤ ਕਿਸੇ ਸਾਥੀ ਦੇ ਜਿਨਸੀ ਰੁਝਾਨ ਲਈ ਵਾਰ-ਵਾਰ ਹਵਾਲੇ ਦਿੱਤੇ ਹਨ। ਜਦੋਂ ਮੈਂ ਉਸਦੇ ਨਾਲ ਇਸ ਬਾਰੇ ਗੱਲ ਕੀਤੀ, ਤਾਂ ਉਸਨੇ ਜਵਾਬ ਦਿੱਤਾ ਕਿ ਉਹ ਸਿਰਫ਼ ਮਜ਼ਾਕ ਕਰ ਰਿਹਾ ਸੀ ਅਤੇ ਵਿਵਹਾਰ ਜਾਰੀ ਰਿਹਾ ਹੈ। ਕੀ ਮੈਂ ਸਹੀ ਕੰਮ ਕੀਤਾ?

**ਜਵਾਬ:**

**ਹਾਂ।** ਤੁਸੀਂ ਆਵਾਜ਼ ਉਠਾ ਕੇ ਸਹੀ ਕੰਮ ਕੀਤਾ। ਪਰ, ਤੁਹਾਡੀ ਸ੍ਰੇਸ਼ਠ ਕੋਸ਼ਿਸ਼ ਦੇ ਬਾਵਜੂਦ, ਅਪਮਾਨਜਨਕ ਵਿਵਹਾਰ ਜਾਰੀ ਰਿਹਾ ਹੈ। ਆਪਣੇ ਸੁਪਰਵਾਈਜ਼ਰ, ਮਨੁੱਖੀ ਸਾਧਨ, ਵਿਸ਼ਵ ਵਿਆਪੀ ਕਾਨੂੰਨੀ ਜੱਥੇਬੰਦੀ ਜਾਂ ਵਿਸ਼ਵ ਵਿਆਪੀ ਨੈਤਿਕਤਾ ਅਤੇ ਪਾਲਣਾ ਦੇ ਨਾਲ ਅਜਿਹੇ ਕਿਸੇ ਵਿਵਹਾਰ ਬਾਰੇ ਗੱਲ ਕਰੋ ਜੋ ਸਾਡੀ ਸੰਹਿਤਾ, ਨੀਤੀਆਂ ਜਾਂ ਸਤਿਕਾਰ ਦੇ ਨਾਲ ਅੱਗੇ ਵਧੋ ਵਾਲੇ ਸਿਧਾਂਤਾਂ ਦਾ ਉਲੰਘਣ ਕਰਦਾ ਹੈ।

- ਅਸੀਂ ਬੱਚਿਆਂ ਤੋਂ ਕੰਮ ਨਹੀਂ ਕਰਾਉਂਦੇ। ਬਾਲ-ਮਜ਼ਦੂਰੀ ਨੂੰ ਕਿਸੇ ਵੀ ਸਬੰਧਤ ਅਧਿਕਾਰ-ਖੇਤਰ ਵਿਚ ਕਾਨੂੰਨ ਵਲੋਂ ਪ੍ਰਵਾਨ ਕੀਤੀ ਗਈ ਘੱਟ ਤੋਂ ਘੱਟ ਉਮਰ ਤੋਂ ਛੋਟੇ ਵਿਅਕਤੀ ਨੂੰ ਰੋਜ਼ਗਾਰ ਦੇਣ ਦੇ ਤੌਰ 'ਤੇ ਪਰਿਭਾਸ਼ਤ ਕੀਤਾ ਗਿਆ ਹੈ। ਪਰ, ਕਿਸੇ ਵੀ ਸਥਿਤੀ ਵਿਚ ਅਸੀਂ ਜਾਣ-ਬੁੱਝ ਕੇ ਸੋਲ੍ਹਾਂ (16) ਸਾਲ ਤੋਂ ਹੇਠਾਂ ਦੀ ਉਮਰ ਦੇ ਵਿਅਕਤੀ ਨੂੰ ਕੰਮ 'ਤੇ ਨਹੀਂ ਰੱਖਾਂਗੇ।
- ਅਸੀਂ ਕੰਮ ਵਾਲੀ ਥਾਂ ਤੋਂ ਸੰਭਵ ਜੋਖਮਾਂ ਨੂੰ ਖ਼ਤਮ ਕਰਨ ਅਤੇ ਲਾਗੂ ਹੋਣ ਵਾਲੀ ਸਾਰੀ ਕਾਰ-ਵਿਹਾਰੀ ਸੁਰੱਖਿਆ ਅਤੇ ਸਿਹਤ ਸਬੰਧੀ ਕਾਨੂੰਨਾਂ ਅਤੇ ਮਿਆਰਾਂ ਦੀ ਪਾਲਣਾ ਕਰਨ ਦੀ ਕੋਸ਼ਿਸ਼ ਕਰਦੇ ਹਾਂ।
- ਅਸੀਂ ਹੇਠਾਂ ਦਿੱਤੇ ਤਰੀਕਿਆਂ ਨਾਲ ਕੋਲਗੇਟ ਨਾਲ ਕੰਮ ਕਰਨ ਵਾਲੇ ਸਾਰੇ ਲੋਕਾਂ ਅਤੇ ਹੋਰਨਾਂ ਲਈ ਸੁਰੱਖਿਅਤ, ਸਿਹਤਮੰਦ ਅਤੇ ਉਤਪਾਦ ਕਰਨ ਵਾਲੇ ਕੰਮ ਦਾ ਮਾਹੌਲ ਬਣਾਈ ਰੱਖਣ ਵਿਚ ਮਦਦ ਕਰਦੇ ਹਾਂ:
  - ਕੰਪਨੀ ਦੀ ਸੰਪਤੀ ਜਾਂ ਕੰਮ ਦੇ ਸਮੇਂ 'ਤੇ ਗ਼ੈਰਕਾਨੂੰਨੀ ਨਸ਼ੀਲੀਆਂ ਦਵਾਈਆਂ ਜਾਂ ਨਸ਼ੀਲੀਆਂ ਦਵਾਈਆਂ ਨੂੰ ਰੱਖਣ, ਵਰਤੋਂ, ਵਿਕਰੀ ਜਾਂ ਟਰਾਂਸਫਰ ਕਰਨ ਦੀ ਮਨਾਹੀ ਹੈ;
  - ਸ਼ਰਾਬ ਪੀਤੀ ਹੋਣ ਵੇਲੇ ਕੰਪਨੀ ਦਾ ਕੰਮਕਾਜ ਕਰਨ ਦੀ ਮਨਾਹੀ ਹੈ;
  - ਸਥਾਨਕ ਕਾਨੂੰਨ ਮੁਤਾਬਕ ਕੰਪਨੀ ਦੀਆਂ ਥਾਵਾਂ ਵਿਚ ਜਾਂ ਕੋਲਗੇਟ ਦਾ ਕੰਮਕਾਜ ਕਰਨ ਵੇਲੇ ਹਥਿਆਰ/ਅਸਲਾ, ਵਿਸਫੋਟਕ ਉਪਕਰਣ ਜਾਂ ਗੋਲੀ-ਸਿੱਕਾ ਰੱਖਣ ਜਾਂ ਵਰਤਣ ਦੀ ਮਨਾਹੀ ਹੈ। ਸੁਰੱਖਿਆ ਅਮਲੇ ਨੂੰ ਹਥਿਆਰ ਰੱਖਣ ਦਾ ਇਖ਼ਤਿਆਰ ਦਿੱਤਾ ਜਾ ਸਕਦਾ ਹੈ, ਜਦੋਂ ਕੰਪਨੀ ਦੇ ਮੁਲਾਜ਼ਮਾਂ ਦੀ ਰਾਖੀ ਅਤੇ ਸੁਰੱਖਿਆ ਕਰਨ ਲਈ ਇਹਨਾਂ ਨੂੰ ਰੱਖਣਾ ਜ਼ਰੂਰੀ ਮੰਨਿਆ ਜਾਂਦਾ ਹੈ;
  - ਕੋਈ ਵੀ ਕਾਰਵਾਈ ਕਰਨ ਦੀ ਮਨਾਹੀ ਹੈ, ਜਿਸ ਨੂੰ ਹਿੰਸਾ, ਧਮਕਾਉਣ, ਨੀਵਾਂ ਵਿਖਾਉਣ ਜਾਂ ਤੰਗ-ਪਰੇਸ਼ਾਨ ਕੀਤੇ ਜਾਣ ਵਜੋਂ ਮੰਨਿਆ ਜਾ ਸਕਦਾ ਹੈ; ਅਤੇ
  - ਕੰਪਨੀ ਦੀ ਸੰਪਤੀ ਉੱਤੇ ਜਾਂ ਸਮੇਂ ਉੱਤੇ ਨਸ਼ੀਲੀਆਂ ਦਵਾਈਆਂ ਜਾਂ ਸ਼ਰਾਬ ਦੀ ਦੁਰਵਰਤੋਂ, ਹਿੰਸਾ ਜਾਂ ਗ਼ੈਰਕਾਨੂੰਨੀ ਤੌਰ 'ਤੇ ਹਥਿਆਰ ਰੱਖਣ ਦੀ ਕਿਸੇ ਵੀ ਘਟਨਾ ਬਾਰੇ ਮਨੁੱਖੀ ਸਾਧਨਾਂ, ਵਿਸ਼ਵ ਵਿਆਪੀ ਸੁਰੱਖਿਆ, ਵਿਸ਼ਵ ਵਿਆਪੀ ਕਾਨੂੰਨੀ ਜੱਥੇਬੰਦੀ, ਸਰਬ ਵਿਸ਼ਵ ਵਿਆਪੀ ਨੈਤਿਕਤਾ ਅਤੇ ਪਾਲਣਾ ਜਾਂ ਪ੍ਰਬੰਧਕਾਂ ਨੂੰ ਫ਼ੌਰਨ ਦੱਸਣ ਦੀ ਲੋੜ ਹੈ।

**ਸਵਾਲ:**

ਮੇਰਾ ਇਕ ਸਹਿਕਰਮੀ ਥੋੜ੍ਹਾ ਬੁੱਢਾ ਹੈ, ਇਸ ਲਈ ਮੈਂ ਅਜਿਹੇ ਕੁਝ ਕੰਮਾਂ ਦੇ ਨਾਲ ਉਸ ਦੀ ਸਰਗਰਮੀ ਨਾਲ ਮਦਦ ਕਰਕੇ ਉਸ ਲਈ ਚੀਜ਼ਾਂ ਆਸਾਨ ਬਣਾਉਣ ਦੀ ਕੋਸ਼ਿਸ਼ ਕਰਦਾ /ਕਰਦੀ ਹਾਂ, ਜੋ ਮੇਰੇ ਖ਼ਿਆਲ ਵਿੱਚ ਉਸ ਦੀ ਉਮਰ ਦੇ ਕਿਸੇ ਵਿਅਕਤੀ ਲਈ ਕਰਨੀਆਂ ਔਖੀਆਂ ਹੋ ਸਕਦੀਆਂ ਹਨ। ਮੈਂ ਤਾਂ ਸਿਰਫ਼ ਮਦਦ ਕਰਨ ਦੀ ਕੋਸ਼ਿਸ਼ ਕਰ ਰਿਹਾ/ਰਹੀ ਹਾਂ ਪਰ ਹਾਲ ਹੀ ਵਿੱਚ ਮੈਂ ਸਾਡੇ ਸੁਪਰਵਾਈਜ਼ਰ ਤੋਂ ਇਹ ਗੱਲ ਸੁਣੀ ਕਿ ਉਹ ਮੇਰੇ ਤੋਂ ਨਾਰਾਜ਼ ਹੈ। ਕੀ ਇਹ ਵਿਵਹਾਰ ਗ਼ਲਤ ਹੈ?

**ਜਵਾਬ:**

**ਹਾਂ।** ਤੁਹਾਨੂੰ ਇਹ ਮੰਨ ਕੇ ਨਹੀਂ ਚੱਲਣਾ ਚਾਹੀਦਾ ਕਿ ਤੁਹਾਡੇ ਸਾਥੀ ਦੀ ਉਮਰ ਕਾਰਨ, ਉਸ ਕੋਲ ਤੁਹਾਡੇ ਜਿਹੇ ਗੁਣ ਅਤੇ ਯੋਗਤਾਵਾਂ ਨਹੀਂ ਹਨ। ਕਿਸੇ ਵਿਅਕਤੀ ਨਾਲ ਉਸਦੀ ਉਮਰ ਕਾਰਨ ਵੱਖਰਾ ਵਿਵਹਾਰ ਕਰਨਾ ਕੰਮ ਦੀ ਥਾਂ ਵਿੱਚ ਕਦੇ ਵੀ ਸਵੀਕਾਰਯੋਗ ਨਹੀਂ ਹੁੰਦਾ। ਬੋਲੋ ਅਤੇ ਉਸ ਨੂੰ ਸਮਝਾਓ ਕਿ ਤੁਹਾਡੀ ਮਦਦ ਕਰਨ ਦੀ ਇੱਛਾ ਦੇਖਭਾਲ ਦੇ ਜੋਸ਼ ਵਿੱਚ ਆ ਕੇ ਪੈਦਾ ਹੋਈ ਸੀ ਅਤੇ ਕਿ ਤੁਹਾਡਾ ਜੁਰਮ ਦਾ ਕੋਈ ਇਰਾਦਾ ਨਹੀਂ ਸੀ।




# ਕੰਪਨੀ ਦੇ ਨਾਲ ਸਾਡਾ ਰਿਸ਼ਤਾ

*ਕੋਲਗੇਟ ਨਾਲ ਕੰਮ ਕਰਨ ਵਾਲੇ ਲੋਕਾਂ ਦੇ ਤੌਰ 'ਤੇ, ਅਸੀਂ, ਸਾਡੇ 'ਤੇ ਕੀਤੇ ਗਏ ਵਿਸ਼ਵਾਸ ਅਤੇ ਸਵੈ-ਵਿਸ਼ਵਾਸ ਨੂੰ ਸਮਝਦੇ ਹਾਂ ਅਤੇ ਸਾਰੀਆਂ ਸਥਿਤੀਆਂ ਵਿਚ ਦਿਆਨਤਦਾਰੀ ਅਤੇ ਇਮਾਨਦਾਰੀ ਨਾਲ ਕੰਮ ਕਰਦੇ ਹਾਂ।*

## ਅਸੀਂ ਹਿੱਤਾਂ ਦੇ ਟਕਰਾਅ ਨੂੰ ਟਾਲਦੇ ਹਾਂ

ਫ਼ੈਸਲਾ ਤੁਹਾਡੀਆਂ ਸਭ ਤੋਂ ਵਡਮੁੱਲੀਆਂ ਪੂੰਜੀਆਂ ਵਿਚੋਂ ਇੱਕ ਹੈ। ਤੁਹਾਨੂੰ ਕਿਸੇ ਵੀ ਅਜਿਹੀ ਸਰਗਰਮੀ, ਹਿੱਤ ਜਾਂ ਸਬੰਧ ਤੋਂ ਬਚਣਾ ਚਾਹੀਦਾ ਹੈ, ਜੋ ਕੰਪਨੀ ਦੇ ਵੈਧ ਕਾਰੋਬਾਰੀ ਹਿੱਤ ਦਾ ਵਿਰੋਧ ਕਰੇ ਜਾਂ ਜਿਹੜਾ ਕੰਪਨੀ ਨਾਲ ਜਾਂ ਲਈ ਵਪਾਰ ਦਾ ਸੰਚਾਲਨ ਕਰਨ ਵਿੱਚ ਤੁਹਾਡੀ ਵਾਸਤਵਿਕਤਾ ਜਾਂ ਸੁਤੰਤਰ ਫ਼ੈਸਲੇ ਦੀ ਵਰਤੋਂ ਨਾਲ ਸਮਝੌਤਾ ਲੱਗਦੀ ਹੋਵੇ। ਬਹੁਤ ਸਾਰੀਆਂ ਸਥਿਤੀਆਂ ਵਿਚ ਟਕਰਾਅ ਹੋ ਸਕਦੇ ਹਨ। ਇਥੇ ਸਾਰਿਆਂ ਬਾਰੇ ਗੱਲ ਕਰਨਾ ਸੰਭਵ ਨਹੀਂ ਹੈ, ਅਤੇ ਹਮੇਸ਼ਾ ਢੁਕਵੀਂ ਅਤੇ ਅਨਉਚਿਤ ਸਰਗਰਮੀ ਵਿਚਕਾਰ ਫ਼ਰਕ ਕਰਨਾ ਅਸਾਨ ਨਹੀਂ ਹੋਏਗਾ। ਜਦੋਂ ਸ਼ੰਕਾ ਹੋਵੇ, ਤਾਂ ਕੋਈ ਵੀ ਕਾਰਵਾਈ ਕਰਨ ਤੋਂ ਪਹਿਲਾਂ ਮਨੁੱਖੀ ਸਾਧਨਾਂ ਜਾਂ ਵਿਸ਼ਵ ਵਿਆਪੀ ਕਾਨੂੰਨੀ ਜਥੇਬੰਦੀ, ਵਿਸ਼ਵ ਵਿਆਪੀ ਨੈਕਿਤ ਅਤੇ ਅਨੁਪਾਲਣ ਜਾਂ ਆਪਣੇ ਮੈਨੇਜਰ ਨਾਲ ਸਲਾਹ-ਮਸ਼ਵਰਾ ਕਰੋ।

ਟਕਰਾਵ ਦੀਆਂ ਸਭ ਤੋਂ ਆਮ ਸਥਿਤੀਆਂ ਵਿਚ ਹੇਠਾਂ ਦਿੱਤੀਆਂ ਸੇਧਾਂ ਲਾਗੂ ਹੁੰਦੀਆਂ ਹਨ:

### ਨਿਵੇਸ਼

ਕੋਈ ਵੀ ਅਜਿਹਾ ਨਿਵੇਸ਼ ਨਾ ਕਰੋ, ਜੋ ਤੁਹਾਡੇ ਕਾਰੋਬਾਰੀ ਫ਼ੈਸਲਿਆਂ 'ਤੇ ਅਸਰ ਪਾ ਸਕਦੀ ਹੈ। ਕੰਪਨੀ ਦੀ ਨੀਤੀ ਕੋਲਗੇਟ ਨਾਲ ਕੰਮ ਕਰਨ ਵਾਲੇ ਲੋਕਾਂ ਨੂੰ ਅਜਿਹੀ ਕੰਪਨੀ ਦੇ ਸ਼ੇਅਰ ਖ਼ਰੀਦਣ ਜਾਂ ਮਾਲਕੀ ਸਬੰਧੀ ਹਿੱਤ ਰੱਖਣ ਤੋਂ ਮਨ੍ਹਾ ਕਰਦੀ ਹੈ, ਜਿਹੜੀ ਕੋਲਗੇਟ ਨਾਲ ਮੁਕਾਬਲੇਬਾਜ਼ੀ ਜਾਂ ਕਾਰੋਬਾਰ ਕਰ ਰਹੀ ਹੈ। ਇਹ ਮਨਾਹੀ ਸਾਰਵਜਨਿਕ ਕਾਰੋਬਾਰੀ ਕੰਪਨੀ ਦੇ ਸ਼ੇਅਰਾਂ ਦੀ ਛੋਟੀ ਮਾਤਰਾ (ਆਮ ਤੌਰ 'ਤੇ 1% ਤੋਂ ਘੱਟ) ਦੀ ਮਾਲਕੀ 'ਤੇ ਲਾਗੂ ਨਹੀਂ ਹੁੰਦੀ, ਬਸ਼ਰਤੇ ਕਿ ਨਿਵੇਸ਼ ਮਾਲੀ ਤੌਰ 'ਤੇ ਇੰਨੀ ਅਹਿਮ ਨਾ ਹੋਵੇ, ਕਿ ਜਿਸ ਨਾਲ ਹਿੱਤ ਦੇ ਟਕਰਾਅ ਦਾ ਪ੍ਰਗਟਾਵਾ ਹੁੰਦਾ ਹੋਵੇ। ਜੇ ਤੁਸੀਂ ਕੋਲਗੇਟ ਵਿਚ ਸ਼ਾਮਲ ਹੋਣ ਤੋਂ ਪਹਿਲਾਂ ਸੰਭਵ ਮਨਾਹੀ ਵਾਲਾ ਨਿਵੇਸ਼ ਕੀਤਾ ਸੀ ਹੈ, ਤਾਂ ਵਿਸ਼ਵ ਵਿਆਪੀ ਕਾਨੂੰਨੀ ਜਥੇਬੰਦੀ ਨਾਲ ਸੰਪਰਕ ਕਰੋ।

### ਪਰਿਵਾਰ

ਕਿਸੇ ਵੀ ਕੰਪਨੀ, ਜਿਸ ਨਾਲ ਤੁਹਾਡਾ ਜਾਂ ਤੁਹਾਡੇ ਪਰਿਵਾਰ ਦੇ ਨਜ਼ਦੀਕੀ ਮੈਂਬਰ ਦਾ ਅਜਿਹਾ ਹਿੱਤ ਜੁੜਿਆ ਹੋਇਆ ਹੈ, ਨਾਲ ਕੋਲਗੇਟ ਦੀ ਤਰਫ਼ੋਂ ਕਾਰੋਬਾਰ ਸ਼ੁਰੂ ਕਰਨ ਤੋਂ ਪਹਿਲਾਂ ਆਪਣੇ ਮੈਨੇਜਰ ਨੂੰ ਦੱਸੋ ਅਤੇ ਆਪਣੀ ਡਿਵੀਜ਼ਨ ਜਾਂ ਕੰਮਕਾਜ ਵੇਖਣ ਵਾਲੇ ਮੁੱਖੀ ਅਤੇ ਵਿਸ਼ਵ ਵਿਆਪੀ ਕਾਨੂੰਨੀ ਜਥੇਬੰਦੀ ਤੋਂ ਪ੍ਰਵਾਣਗੀ ਲਓ।

### ਹੋਰ ਕੰਮ

ਕੋਲਗੇਟ ਲਈ ਕੰਮ ਕਰਦਿਆਂ, ਕੋਲਗੇਟ ਦੇ ਮੁਕਾਬਲੇਬਾਜ਼ ਨਾਲ ਕੰਮ ਨਾ ਕਰੋ ਜਾਂ ਉਸ ਲਈ ਕੋਈ ਕੰਮ ਨਾ ਕਰੋ ਜਾਂ ਤੀਜੀ ਧਿਰ (ਡਿਸਟ੍ਰੀਬਿਊਟਰ, ਗਾਹਕ ਜਾਂ ਸਪਲਾਇਰ) ਦੀ ਮਦਦ ਨਾ ਕਰੋ, ਜਿਸ ਨਾਲ ਫ਼ੈਸਲਾ ਲੈਣ ਦੀ ਤੁਹਾਡੀ ਕਾਰਗੁਜ਼ਾਰੀ 'ਤੇ ਮਾੜਾ ਅਸਰ ਪੈ ਸਕਦਾ ਹੋਵੇ ਜਾਂ ਨੌਕਰੀ 'ਤੇ ਤੁਹਾਡੇ ਫ਼ੈਸਲੇ 'ਤੇ ਅਸਰ ਪੈ ਸਕਦਾ ਹੋਵੇ। ਆਪਣੀ ਡਿਵੀਜ਼ਨ ਜਾਂ ਕੰਮਕਾਜ ਵੇਖਣ ਵਾਲੇ ਮੁੱਖੀ ਤੋਂ ਇਖ਼ਤਿਆਰ ਹਾਸਿਲ ਕੀਤੇ ਬਿਨਾ ਕੰਪਨੀ ਦੇ ਸਮੇਂ, ਸਹੂਲਤਾਂ, ਚੀਜ਼ਾਂ, ਬ੍ਰਾਂਡਾਂ ਜਾਂ ਲੋਗੋ ਦੀ ਵਰਤੋਂ ਬਾਹਰ ਦੇ ਕੰਮਾਂ ਲਈ ਨਾ ਕਰੋ, ਜੋ ਕੋਲਗੇਟ ਵਿਚ ਤੁਹਾਡੀ ਨੌਕਰੀ ਨਾਲ ਸਬੰਧਿਤ ਨਹੀਂ ਹੈ।

### ਵਿਅਕਤੀਗਤ

ਅਸੀਂ ਕੰਮ ਦੇ ਮਾਹੌਲ ਵਿਚ ਮਿਲਣ ਵਾਲਿਆਂ ਨਾਲ ਆਜ਼ਾਦੀ ਨਾਲ ਮਿਲਣ-ਜੁਲਣ ਲਈ ਕੋਲਗੇਟ ਨਾਲ ਕੰਮ ਕਰਦੇ ਲੋਕਾਂ ਦੇ ਹੱਕਾਂ ਨੂੰ ਸਮਝਦੇ ਹਾਂ ਅਤੇ ਸਤਿਕਾਰ ਕਰਦੇ ਹਾਂ, ਪਰ ਚੰਗੇ ਫ਼ੈਸਲੇ ਦੀ ਵਰਤੋਂ ਕਰਦਿਆਂ ਸਾਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਹਨਾਂ ਸਬੰਧਾਂ ਦਾ ਕੰਮ ਦੀ ਕਾਰਗੁਜ਼ਾਰੀ, ਦੂਜਿਆਂ ਦੀ ਨਿਗਰਾਨੀ ਦੀ ਸਮਰੱਥਾ ਜਾਂ ਕੰਮ ਦੇ ਮਾਹੌਲ 'ਤੇ ਨਕਾਰਾਤਮਕ ਅਸਰ ਨਾ ਪਏ।

ਕਿਸੇ ਵੀ ਕੰਮ ਵਾਲੀ ਥਾਂ ਵਿਚ ਰੋਮਾਨੀ ਰਿਸ਼ਤਿਆਂ ਜਾਂ ਮੁਲਾਜ਼ਮਾਂ ਵਿਚਕਾਰ ਦੋਸਤੀ ਕਰਕੇ ਹੋਣ ਵਾਲਾ ਕੋਈ ਵੀ ਵਿਹਾਰ, ਜੇ ਉਹ ਵਿਹਾਰ ਦੂਜਿਆਂ ਲਈ ਕੰਮ ਕਰਨ ਦੇ ਮਾਹੌਲ ਨੂੰ ਅਸੁਖਾਵਾਂ ਬਣਾਉਂਦਾ ਹੋਵੇ ਜਾਂ ਲਿਹਾਜਦਾਰੀ ਦੇ ਵਿਵਹਾਰ ਦੀ ਧਾਰਨਾ ਕਰਦਾ ਹੋਵੇ, ਅਨਉਚਿਤ ਹੋ ਸਕਦਾ ਹੈ। ਕੰਪਨੀ ਦੇ ਬਿਹਤਰੀਨ ਹਿੱਤਾਂ ਨਾਲੋਂ ਰੋਮਾਨੀ ਰਿਸ਼ਤਿਆਂ ਜਾਂ ਦੋਸਤੀ ਦੇ ਆਧਾਰ ਉੱਤੇ ਲਿਹਾਜ਼ਦਾਰੀ ਜਾਂ ਕਾਰੋਬਾਰ ਦੇ ਫੈਸਲੇ ਲੈਣ ਦੀ ਮਨਾਹੀ ਹੈ। ਅਜਿਹੇ ਵਿਅਕਤੀ, ਜਿਹੜੇ ਖ਼ੁਦ ਨੂੰ ਇੱਕ ਨਿਜੀ ਰਿਸ਼ਤੇ ਜਾਂ ਦੋਸਤੀ ਵਿਚ ਬੱਝਿਆ ਹੋਇਆ ਪਾਉਂਦੇ ਹਨ, ਨੂੰ ਜੁਗਤ, ਚੰਗੇ ਫ਼ੈਸਲੇ ਅਤੇ ਸੰਵੇਦਨਸ਼ੀਲਤਾ ਦੀ ਵਰਤੋਂ ਕਰਨੀ ਚਾਹੀਦੀ ਹੈ।

ਇਕ ਸੁਪਰਵਾਈਜ਼ਰ ਨੂੰ ਅਜਿਹੇ ਕਿਸੇ ਵਿਅਕਤੀ ਦੀ ਨਿਗਰਾਨੀ ਨਹੀਂ ਕਰਨੀ ਚਾਹੀਦੀ ਜਿਸ ਨਾਲ ਉਹ ਰੋਮਾਨੀ ਤੌਰ ਤੇ ਰੁੱਝਿਆ ਹੈ। ਅਜਿਹੀ ਸਥਿਤੀ ਵਿੱਚ, ਦੋਵੇਂ ਮੁਲਾਜ਼ਮਾਂ ਨੂੰ ਸਥਿਤੀ ਦੀ ਸੂਚਨਾ ਮਨੁੱਖੀ ਸਾਧਨਾਂ ਅਤੇ/ਜਾਂ ਵਿਸ਼ਵ ਵਿਆਪੀ ਨੈਤਿਕਤਾ ਅਤੇ ਪਾਲਣਾ ਨੂੰ ਦੇਣੀ ਚਾਹੀਦੀ ਹੈ।

ਇਸ ਸੱਚਾਈ ਦਾ ਧਿਆਨ ਰੱਖੋ ਕਿ ਤੁਹਾਡੇ ਘਰ ਦੇ ਨਜ਼ਦੀਕੀ ਮੈਂਬਰ ਨੂੰ ਉਸ ਸਮਰੱਥਾ 'ਤੇ ਨੌਕਰੀ ਦਿੱਤੀ ਜਾ ਸਕਦੀ ਹੈ, ਜਿਸ ਨਾਲ ਹਿੱਤ ਦੇ ਟਕਰਾਅ ਹੋ ਸਕਦੇ ਹਨ ਜਾਂ ਹਿੱਤ ਦੇ ਟਕਰਾਅ ਹੁੰਦੇ ਲੱਗ ਸਕਦੇ ਹਨ। ਜੇ ਅਜਿਹੀ ਸਥਿਤੀ ਬਣਦੀ ਹੈ, ਤਾਂ ਸੇਧ ਲਈ ਆਪਣੇ ਮੈਨੇਜਰ, ਮਨੁੱਖੀ ਸਾਧਨਾਂ ਜਾਂ ਵਿਸ਼ਵ ਵਿਆਪੀ ਕਾਨੂੰਨੀ ਜਥੇਬੰਦੀ ਨਾਲ ਸਲਾਹ-ਮਸ਼ਵਰਾ ਕਰੋ।

## ਬੋਰਡ

ਬਾਹਰੀ ਕਾਰੋਬਾਰ ਜਾਂ ਸਰਕਾਰੀ ਏਜੰਸੀ ਲਈ ਡਾਇਰੈਕਟਰਾਂ ਦੇ ਬੋਰਡ ਜਾਂ ਉਹੋ ਜਿਹੀ ਸੰਸਥਾ ਲਈ ਸੇਵਾ ਕਰਨ ਵਾਸਤੇ ਸਹਿਮਤ ਹੋਣ ਤੋਂ ਪਹਿਲਾਂ ਸੀਈਓ ਅਤੇ ਮੁਖ ਕਾਨੂੰਨੀ ਅਫ਼ਸਰ ਤੋਂ ਮੰਜ਼ੂਰੀ ਲਓ।

ਤੁਹਾਨੂੰ ਇੱਕ ਗ਼ੈਰ-ਮੁਨਾਫ਼ਾ ਜਥੇਬੰਦੀ ਦੇ ਬੋਰਡ ਵਿਚ ਸ਼ਾਮਲ ਹੋਣ ਲਈ ਮੰਜ਼ੂਰੀ ਲੈਣ ਦੀ ਲੋੜ ਨਹੀਂ ਹੁੰਦੀ, ਜਦੋਂ ਤੱਕ ਜੱਥੇਬੰਦੀ ਦਾ ਕੰਪਨੀ ਨਾਲ ਵਪਾਰਕ ਰਿਸ਼ਤਾ ਨਹੀਂ ਹੈ, ਜਿਸ ਸੂਰਤ ਵਿੱਚ ਆਪਣੀ ਡਿਵੀਜ਼ਨ ਜਾਂ ਕੰਮਕਾਜ ਵੇਖਣ ਵਾਲੇ ਮੁੱਖੀ ਤੋਂ ਮੰਜ਼ੂਰੀ ਲਓ।

## ਹੋਰ ਧਿਆਨ ਰੱਖਣ ਯੋਗ ਗੱਲਾਂ

ਅਸੀਂ ਕੰਮ ਦੇ ਮਾਹੌਲ ਨੂੰ ਸਕਾਰਾਤਮਕ ਬਣਾਈ ਰੱਖਣ ਦੀ ਕੋਸ਼ਿਸ਼ ਕਰਦੇ ਹਾਂ ਜੋ ਸਾਡੀ ਕੰਪਨੀ ਦੀਆਂ ਕਦਰਾਂ-ਕੀਮਤਾਂ ਨੂੰ ਦਰਸਾਉਂਦਾ ਹੈ ਅਤੇ ਕੰਮ ਦੇ ਮਜ਼ਬੂਤ ਸਬੰਧਾਂ ਨੂੰ ਵਧਾਉਂਦਾ ਹੈ। ਜਦਕਿ ਸਾਡੇ ਕਾਰੋਬਾਰ ਨਾਲ ਬਾਹਰਲੀਆਂ ਧਿਰਾਂ ਨਾਲ ਅਕਸਰ ਹਿੱਤਾਂ ਦੇ ਚਕਰਾਅ ਹੋ ਜਾਂਦੇ ਹਨ, ਪਰ ਟਕਰਾਅ ਜਾਂ ਟਕਰਾਅ ਦੀ ਸਥਿਤੀ ਕੰਪਨੀ ਦੀ ਅੰਦਰੂਨੀ ਗੱਲਬਾਤ ਦਾ ਸਿੱਟਾ ਵੀ ਹੋ ਸਕਦੀ ਹੈ। ਸਾਡੇ ਵਿੱਚੋਂ ਉਹ, ਜੋ ਦੂਜਿਆਂ ਦਾ ਪ੍ਰਬੰਧ ਕਰਦੇ ਹਨ, ਉਹਨਾਂ ਨੂੰ ਚੌਕਸ ਰਹਿਣਾ ਚਾਹੀਦਾ ਹੈ ਤਾਂ ਜੋ ਅਜਿਹੀਆਂ ਸਥਿਤੀਆਂ ਨਾ ਬਣਨ, ਜਿਹਨਾਂ ਕਰਕੇ ਦੂਜਿਆਂ ਨੂੰ ਲੱਗੇ ਕਿ ਪੱਖਪਾਤ ਹੋ ਰਿਹਾ ਹੈ ਜਾਂ ਸੰਭਵ ਹਿੱਤ ਦਾ ਟਕਰਾਅ ਹੈ।

ਜੇ ਤੁਹਾਡੇ ਕੋਈ ਸਵਾਲ ਹਨ ਜਾਂ ਤੁਸੀਂ ਆਪਣੇ ਆਪ ਨੂੰ ਅਸਲ ਜਾਂ ਸੰਭਵ ਹਿੱਤ ਦੇ ਟਕਰਾਅ ਦੀ ਸਥਿਤੀ ਵਿਚ ਪਿਆ ਹੋਇਆ ਮੰਨਦੇ ਹੋ, ਆਪਣੇ ਮੈਨੇਜਰ ਨਾਲ ਸਲਾਹ ਕਰੋ। ਕੰਪਨੀ ਤੁਹਾਡੇ ਨਾਲ ਮਿਲਕੇ ਸਥਿਤੀ ਦਾ ਨਿਪਟਰਾ ਕਰਨ ਅਤੇ ਇੱਕ ਢੁਕਵੇਂ ਹੱਲ ਦੀ ਪਛਾਣ ਕਰਨ ਲਈ ਕੰਮ ਕਰੇਗੀ।

ਕੋਲਗੇਟ ਨਾਲ ਕੰਮ ਕਰਨ ਵਾਲੇ ਲੋਕੀਂ ਹਿੱਤਾਂ ਦੇ ਟਕਰਾਅ ਨਾਲ ਸਬੰਧਤ ਮੁੱਦੇ ਉੱਤੇ ਕੰਪਨੀ ਦੀਆਂ ਸੇਧਾਂ ਦਾ ਹਵਾਲਾ ਲੈ ਕੇ ਵਧੀਕ ਜਾਣਕਾਰੀ ਹਾਸਲ ਕਰ ਸਕਦੇ ਹਨ, ਜੋ ourcolgate.com ਉੱਤੇ ਕੰਪਨੀ ਦੇ ਕਾਰੋਬਾਰੀ ਅਭਿਆਸ ਸੇਧਾਂ ਦੇ ਪਾਠ 7 ਵਿੱਚ ਮਿਲ ਸਕਦੀ ਹੈ।

### ਸਵਾਲ:

ਤੁਹਾਡੇ ਪਰਿਵਾਰ ਦਾ ਇਕ ਨਜ਼ਦੀਕੀ ਸਦੱਸ ਇਕ ਪੁਟਾਈ ਕੰਪਨੀ ਦਾ ਮਾਲਕ ਹੈ ਅਤੇ ਜਿੱਥੇ ਮੈਂ ਕੰਮ ਕਰਦਾ ਹਾਂ, ਉਸ ਨਿਰਮਾਣ ਪਲਾਂਟ ਵਿੱਚ ਕਾਰੋਬਾਰ ਕਰਨ ਲਈ ਬਿੱਡ ਦਰਜ ਕਰ ਰਿਹਾ ਹੈ। ਮੈਂ ਉਤਪਾਦਨ ਲਾਈਨ ਵਿੱਚ ਕੰਮ ਕਰਦਾ ਹਾਂ ਅਤੇ ਮੇਰੇ ਕੋਲ ਫੈਸਲੇ ਲੈਣ ਦਾ ਕੋਈ ਅਧਿਕਾਰ ਨਹੀਂ ਹੈ। ਕੀ ਮੈਨੂੰ ਹਾਲੇ ਵੀ ਇਸ ਨੂੰ ਇਕ ਸੰਭਵ ਹਿੱਤ ਦੇ ਟਕਰਾਅ ਦੇ ਤੌਰ ਤੇ ਪੇਸ਼ ਕਰਨ ਦੀ ਲੋੜ ਹੋਵੇਗੀ?

### ਜਵਾਬ:

**ਹਾਂ।** ਭਾਵੇਂ ਤੁਹਾਡੇ ਕੋਲ ਬਿੱਡ ਕਿਰਿਆ ਦੇ ਨਤੀਜੇ ਉੱਤੇ ਸਿੱਧਾ ਨਿਯੰਤ੍ਰਣ ਨਹੀਂ ਹੋ ਸਕਦਾ ਹੈ, ਸੱਚਾਈ ਇਹ ਹੈ ਕਿ ਤੁਹਾਡੇ ਚਚੇਰੇ ਭਰਾ ਦੇ ਕੰਪਨੀ ਨਾਲ ਸਬੰਧ ਹਨ, ਸ਼ਾਇਦ ਹਿੱਤ ਦੇ ਟਕਰਾਅ ਦਾ ਪ੍ਰਗਟਾਵਾ ਕਰੇ। ਮਨੁੱਖੀ ਸਾਧਨਾਂ, ਵਿਸ਼ਵ ਵਿਆਪੀ ਕਾਨੂੰਨੀ ਜੱਥੇਬੰਦੀ ਜਾਂ ਆਪਣੇ ਮੈਨੇਜਰ ਨਾਲ ਸਲਾਹ ਕਰੋ।

## ਅਸੀਂ ਕੰਪਨੀ ਦੇ ਵਪਾਰਕ ਭੇਦਾਂ ਅਤੇ ਰਾਜ਼ਦਾਰ ਜਾਣਕਾਰੀ ਦੀ ਰੱਖਿਆ ਕਰਦੇ ਹਾਂ

ਕੋਲਗੇਟ ਦੇ ਕਾਰੋਬਾਰੀ ਭੇਤਾਂ, ਹੋਰ ਰਾਜ਼ਦਾਰ ਜਾਣਕਾਰੀ ਅਤੇ ਇਸਦਾ ਜ਼ਿਆਦਾਤਰ ਅੰਦਰੂਨੀ ਡਾਟਾ ਵੱਡਮੁੱਲਾ ਸਰਮਾਇਆ ਹਨ। ਕਾਰੋਬਾਰੀ ਭੇਤ ਕੋਲਗੇਟ ਦੇ ਕਾਰੋਬਾਰ ਦੇ ਨਾਲ ਜੁੜੀ ਜਾਣਕਾਰੀ ਹੁੰਦੀ ਹੈ ਜੋ ਆਮ ਤੌਰ ਤੇ ਗਿਆਤ ਨਹੀਂ ਹੁੰਦੀ ਜਾਂ ਆਸਾਨੀ ਨਾਲ ਪਤਾ ਨਹੀਂ ਲਗਾਈ ਜਾ ਸਕਦੀ ਅਤੇ ਮੁਕਾਬਲੇਬਾਜ਼ੀ ਪੱਖੋਂ ਸੰਵੇਦਨਸ਼ੀਲ ਹੁੰਦੀ ਹੈ। ਇਸਲਈ, ਇਸ ਦੇ ਲੁਕਾਅ ਨੂੰ ਕਾਇਮ ਰੱਖਣ ਲਈ ਕੋਸ਼ਿਸ਼ਾਂ ਕੀਤੀਆਂ ਗਈਆਂ ਹਨ। ਕਾਰੋਬਾਰੀ ਭੇਤਾਂ ਅਤੇ ਰਾਜ਼ਦਾਰ ਜਾਣਕਾਰੀ ਦੀ ਰਾਖੀ ਸਾਡੇ ਲਗਾਤਾਰ ਵਿਕਾਸ ਅਤੇ ਮੁਕਾਬਲੇਬਾਜ਼ੀ ਕਰਨ ਦੀ ਸਮਰੱਥਾ ਵਿੱਚ ਅਹਿਮ ਰੋਲ ਅਦਾ ਕਰਦੀ ਹੈ।

### ਕਾਰੋਬਾਰੀ ਭੇਤਾਂ ਜਾਂ ਹੋਰ ਰਾਜ਼ਦਾਰ ਜਾਣਕਾਰੀ ਦੇ ਕੁਝ ਉਦਾਹਰਣਾਂ ਕਿਹੜੇ ਹਨ?

- ਕੋਈ ਫ਼ਾਰਮੂਲਾ, ਡਿਜ਼ਾਈਨ, ਉਪਕਰਣ ਜਾਂ ਜਾਣਕਾਰੀ, ਜਿਸਦੀ ਵਰਤੋਂ ਸਾਡੇ ਕਾਰੋਬਾਰ ਵਿਚ ਕੀਤੀ ਜਾਂਦੀ ਹੈ, ਜੋ ਕੋਲਗੇਟ ਨੂੰ ਆਪਣੇ ਮੁਕਾਬਲੇਬਾਜ਼ਾਂ ਤੋਂ ਅੱਗੇ ਨਿਕਲਣ ਦਾ ਮੌਕਾ ਦਿੰਦੀ ਹੈ
- ਬੌਧਕ ਸੰਪਤੀ ਜੋ ਸਰਾਵਜਨਿਕ ਨਹੀਂ ਬਣਾਈ ਗਈ ਹੈ
- ਕਾਰੋਬਾਰੀ ਖੋਜ
- ਨਵੇਂ ਉਤਪਾਦਾਂ ਸੰਬੰਧੀ ਯੋਜਨਾਵਾਂ
- ਗੈਰ-ਜਨਤਕ ਮਾਲੀ ਜਾਣਕਾਰੀ ਜਾਂ ਕੀਮਤਾਂ -ਸਬੰਧੀ ਅਣਛਪੀ ਜਾਣਕਾਰੀ
- ਨਿਰਮਾਣ ਕਿਰਿਆਵਾਂ
- ਕਿਸੇ ਕਿਸਮ ਦੀਆਂ ਜਾਰੀ ਨਾ ਕੀਤੀਆਂ ਮਾਰਕਿਟਿੰਗ ਜਾਂ ਵਿਕਰੀ ਸਮੱਗਰੀਆਂ
- ਕਾਨੂੰਨੀ ਰਾਏ ਜਾਂ ਅਟਾਰਨੀ ਕੰਮ ਦੇ ਉਤਪਾਦ
- ਕੋਲਗੇਟ ਦੀ ਨਿਰਮਾਣ ਜਾਂ ਖੋਜ ਸੁਵਿਧਾ ਵਿੱਚ ਹੋਣ ਵੇਲੇ ਲਏ ਗਏ ਗੈਰ-ਅਧਿਕਾਰਤ ਚਿੱਤਰ ਜਾਂ ਵੀਡਿਓ
- ਮੁਲਾਜ਼ਮ, ਖਪਤਕਾਰ ਜਾਂ ਵਿਕ੍ਰੇਤਾ ਦੀਆਂ ਸੂਚੀਆਂ
- ਖਪਤਕਾਰ ਜ਼ਰੂਰਤਾਂ, ਪਸੰਦਾਂ, ਕਾਰੋਬਾਰੀ ਆਦਤਾਂ ਅਤੇ ਯੋਜਨਾਵਾਂ ਬਾਰੇ ਜਾਣਕਾਰੀ

ਹਾਲਾਂਕਿ ਇਹ ਸੂਚੀ ਪੂਰੀ ਨਹੀਂ ਹੈ, ਇਸ ਸੂਚੀ ਤੋਂ ਪਤਾ ਚੱਲਦਾ ਹੈ ਕਿ ਵੱਖ ਵੱਖ ਤਰ੍ਹਾਂ ਦੀ ਕਿੰਨੀ ਜਾਣਕਾਰੀ ਨੂੰ ਸੁਰੱਖਿਅਤ ਰੱਖਣ ਦੀ ਲੋੜ ਹੈ। ਵਪਾਰਕ ਭੇਤਾਂ ਅਤੇ ਹੋਰ ਰਾਜ਼ਦਾਰ ਜਾਣਕਾਰੀ ਨੂੰ ਪੇਟੇਂਟ ਕਰਾਉਣਾ ਯੋਗ ਨਹੀਂ ਹੈ, ਪਰ ਇਸ ਬਾਰੇ ਸਾਰਵਜਨਿਕ ਤੌਰ 'ਤੇ ਪਤਾ ਨਹੀਂ ਲੱਗ ਸਕਦਾ।

ਕੋਲਗੇਟ ਦੇ ਵਪਾਰਕ ਭੇਤਾਂ ਅਤੇ ਹੋਰ ਰਾਜ਼ਦਾਰ ਜਾਣਕਾਰੀ ਦੇ ਸਬੰਧ ਵਿਚ ਤੁਹਾਡੀਆਂ ਜ਼ਿੰਮੇਵਾਰੀਆਂ:

**ਅਜਿਹਾ ਨਾ ਕਰੋ** ਇਸ ਜਾਣਕਾਰੀ ਦਾ ਖ਼ੁਲਾਸਾ "ਜਾਣਨ ਦੀ ਲੋੜ" ਜਾਂ "ਵਰਤੋਂ ਦੀ ਲੋੜ" ਦੇ ਅਧਾਰ ਤੋਂ ਅਲਾਵਾ ਕੋਲਗੇਟ ਨਾਲ ਕੰਮ ਕਰਨ ਵਾਲੇ ਹੋਰ ਲੋਕਾਂ ਜਾਂ ਤੀਜੀ ਧਿਰ ਨੂੰ ਕਰੋ।

**ਅਜਿਹਾ ਨਾ ਕਰੋ** ਤੀਜੀ ਧਿਰ ਦੇ ਸੂਚਨਾ ਤਕਨਾਲੋਜੀ ਸੁਰੱਖਿਆ ਦੇ ਕੰਟਰੋਲਾਂ ਦੇ ਢੁਕਵੇਂ ਜਾਇਜ਼ੇ ਤੋਂ ਬਿਨਾ ਇਸ ਜਾਣਕਾਰੀ ਦੀ ਸੰਭਾਲ ਕਰਨ ਲਈ ਤੀਜੀਆਂ ਧਿਰਾਂ ਨੂੰ ਸ਼ਾਮਲ ਕਰੋ ਅਤੇ ਤੀਜੀ ਧਿਰ ਦੇ ਨਾਲ ਇਕ ਢੁਕਵਾਂ ਗੋਪਨੀਯਤਾ ਇਕਰਾਰਨਾਮਾ ਕਰੋ।

**ਅਜਿਹਾ ਨਾ ਕਰੋ** ਸਾਰਵਜਨਿਕ ਤੌਰ 'ਤੇ ਉਪਲਬਧ ਵੈਬਸਾਈਟਾਂ ਜਾਂ ਸੋਸ਼ਲ ਮੀਡੀਆ ਸਾਈਟਾਂ 'ਤੇ ਇਸ ਜਾਣਕਾਰੀ ਨੂੰ ਪ੍ਰਕਾਸ਼ਿਤ ਕਰੋ ਜਾਂ ਇਸ ਬਾਰੇ ਗੱਲਬਾਤ ਕਰੋ।

**ਅਜਿਹਾ ਨਾ ਕਰੋ** ਆਪਣੇ ਖ਼ੁਦ ਦੇ ਫ਼ਾਇਦੇ ਲਈ ਜਾਂ ਕੋਲਗੇਟ ਤੋਂ ਬਾਹਰਲੇ ਲੋਕਾਂ ਦੇ ਬਿਨਾ ਇਖ਼ਤਿਆਰ ਵਾਲੇ ਫ਼ਾਇਦੇ ਲਈ ਇਸ ਜਾਣਕਾਰੀ ਦੀ ਵਰਤੋਂ ਕਰੋ।

**ਅਜਿਹਾ ਕਰੋ** ਕੰਪਨੀ ਦੇ ਕਾਰੋਬਾਰੀ ਵਿਹਾਰ ਸਬੰਧੀ ਸੇਧਾਂ ਅਨੁਸਾਰ ਕੋਲਗੇਟ ਦੇ ਵਪਾਰਕ ਭੇਤਾਂ ਅਤੇ ਰਾਜ਼ਦਾਰ ਜਾਣਕਾਰੀ ਦੀ ਰਾਖੀ ਲਈ ਹੋਰ ਸਾਰੀਆਂ ਉਚਿਤ ਕਾਰਵਾਈਆਂ ਕਰੋ।

ਜੇ ਤੁਸੀਂ ਕੋਲਗੇਟ ਛੱਡਕੇ ਜਾਂਦੇ ਹੋ, ਤਾਂ ਵੀ ਕੋਲਗੇਟ ਦੇ ਵਪਾਰਕ ਭੇਤਾਂ ਅਤੇ ਹੋਰ ਰਾਜ਼ਦਾਰ ਜਾਣਕਾਰੀ ਦੀ ਰਾਖੀ ਦੀ ਤੁਹਾਡੀ ਜ਼ਿੰਮੇਵਾਰੀ ਜਾਰੀ ਰਹਿੰਦੀ ਹੈ। ਤੁਹਾਨੂੰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਚਿੱਠੀ-ਪੱਤਰੀ, ਛਪੀ ਹੋਈ ਸਮੱਗਰੀ, ਇਲੈਕਟ੍ਰਾੱਨਿਕ ਜਾਣਕਾਰੀ, ਦਸਤਾਵੇਜ਼ ਜਾਂ ਕਿਸੇ ਕਿਸਮ ਦੇ ਰਿਕਾੱਰਡ, ਵਿਸ਼ੇਸ਼ ਅਮਲ ਸਬੰਧੀ ਜਾਣਕਾਰੀ, ਕਾਰਜਵਿਧੀਆਂ, ਕੋਲਗੇਟ ਦੇ ਕੰਮ ਕਰਨ ਦੇ ਵਿਸ਼ੇਸ਼ ਤਰੀਕੇ - ਭਾਵੇਂ ਰਾਜ਼ਦਾਰ ਹਨ ਜਾਂ ਨਹੀਂ - ਸਾਰੀਆਂ ਚੀਜ਼ਾਂ ਕੰਪਨੀ ਦੀ ਸੰਪਤੀ ਹੈ ਅਤੇ ਉਹ ਕੋਲਗੇਟ ਕੋਲ ਹੀ ਰਹਿਣੀ ਚਾਹੀਦੀ ਹੈ। ਜੇ ਤੁਸੀਂ ਕੰਪਨੀ ਨੂੰ ਛੱਡਦੇ ਹੋ, ਤਾਂ ਤੁਹਾਨੂੰ ਆਪਣੇ ਕਬਜ਼ੇ, ਨਿਗਰਾਨੀ ਅਤੇ ਕੰਟਰੋਲ ਵਿੱਚ ਕੰਪਨੀ ਦੀ ਸਾਰੀ ਸੰਪਤੀ ਵਾਪਸ ਕਰਨੀ ਚਾਹੀਦੀ ਹੈ।

ਜੇ ਤੁਹਾਡਾ ਸੁਆਲ ਹੈ ਕਿ ਜਾਣਕਾਰੀ ਰਾਜ਼ਦਾਰ ਜਾਂ ਵਪਾਰਕ ਭੇਤ ਹੈ ਜਾਂ ਨਹੀਂ, ਤਾਂ ਤੁਹਾਨੂੰ ਵਿਸ਼ਵ ਵਿਆਪੀ ਕਾਨੂੰਨੀ ਜਥੇਬੰਦੀ ਨਾਲ ਸੰਪਰਕ ਕਰਨਾ ਚਾਹੀਦਾ ਹੈ।

ਕੋਲਗੇਟ ਨਾਲ ਕੰਮ ਕਰਨ ਵਾਲੇ ਲੋਕੀਂ ਕੰਪਨੀ ਦੀ ਮਾਲਕੀ-ਸਬੰਧੀ ਜਾਣਕਾਰੀ ਨੂੰ ਬਚਾਉਣਾ ਉੱਤੇ ਕੰਪਨੀ ਦੀਆਂ ਸੇਧਾਂ ਦਾ ਹਵਾਲਾ ਲੈ ਕੇ ਵਧੀਕ ਜਾਣਕਾਰੀ ਹਾਸਲ ਕਰ ਸਕਦੇ ਹਨ, ਜੋ ourcolgate.com ਉੱਤੇ ਕੰਪਨੀ ਦੇ ਕਾਰੋਬਾਰੀ ਅਭਿਆਸ ਸੇਧਾਂ ਦੇ ਪਾਠ 12 ਵਿੱਚ ਮਿਲ ਸਕਦੀ ਹੈ।

**ਸਵਾਲ:**

ਮੇਰੇ ਕੰਮ ਦੇ ਖੇਤਰ ਦੇ ਰਸਤੇ ਵਿੱਚ ਆਉਣ ਵਾਲੀਆਂ ਬਿਜਲਈ ਪੌੜ੍ਹੀਆਂ ਵਿੱਚ, ਮੈਂ ਦੋ ਸਾਥੀਆਂ ਨੂੰ ਵਿਕਾਸ ਵਿੱਚ ਇਕ ਨਵੇਂ ਉਤਪਾਦ ਉੱਤੇ ਉਸ ਕੰਮ ਦੀ ਚਰਚਾ ਕਰਦੇ ਸੁਣਿਆ ਜੋ ਉਹ ਕਰ ਰਹੇ ਹਨ। ਮੈਨੂੰ ਚਿੰਤਾ ਹੋਈ ਕਿਉਂਕਿ ਅਸੀਂ ਦੂਜੀਆਂ ਕੰਪਨੀਆਂ ਦੇ ਨਾਲ ਦਫਤਰ ਦੀ ਥਾਂ ਸਾਂਝੀ ਕਰਦੇ ਹਾਂ ਅਤੇ ਉਹਨਾਂ ਦੁਆਰਾ ਚਰਚਾ ਕੀਤੀ ਜਾ ਰਹੀ ਜਾਣਕਾਰੀ ਰਾਜ਼ਦਾਰ ਹੋਣ ਵਜੋਂ ਪ੍ਰਤੀਤ ਹੋਈ ਸੀ। ਕੀ ਮੈਨੂੰ ਕੁਝ ਕਹਿਣਾ ਚਾਹੀਦਾ ਸੀ?

**ਜਵਾਬ:**

**ਹਾਂ।** ਇਹ ਬਹੁਤ ਜ਼ਰੂਰੀ ਹੈ ਕਿ ਕੋਲਗੇਟ ਦੇ ਨਾਲ ਕੰਮ ਕਰਨ ਵਾਲੇ ਲੋਕੀਂ ਸਾਰਵਜਨਿਕ ਖੇਤਰਾਂ ਜਿਵੇਂ ਕਿ ਲੋਬੀਆਂ, ਕੈਫੇਟੇਰੀਆ, ਬਿਜਲੀ ਪੌੜ੍ਹੀਆਂ ਆਦਿ ਵਿੱਚ ਕੰਪਨੀ ਦੀ ਰਾਜ਼ਦਾਰ ਜਾਣਕਾਰੀ ਦੀ ਚਰਚਾ ਨਾ ਕਰਨ, ਜਿੱਥੇ ਇਕ ਰਾਜ਼ਦਾਰ ਗੱਲਬਾਤ ਕਰਨਾ ਅਢੁਕਵਾਂ ਹੋਵੇਗਾ। ਤੁਹਾਨੂੰ ਉਤਸਾਹਿਤ ਕੀਤਾ ਜਾਂਦਾ ਹੈ ਕਿ ਤੁਸੀਂ ਆਪਣੇ ਸਾਥੀਆਂ ਨੂੰ ਆਪਣੀਆਂ ਚਿੰਤਾਵਾਂ ਪੇਸ਼ ਕਰਨ ਲਈ ਅਤੇ ਸਥਿਤੀ ਵੱਲ ਉਹਨਾਂ ਦਾ ਧਿਆਨ ਦਵਾਉਣ ਲਈ "ਬੋਲੋ"।

## ਅਸੀਂ ਪ੍ਰੈਸ ਅਤੇ ਮੀਡੀਆ ਦੀ ਬੇਨਤੀ ਸਬੰਧੀ ਨੀਤੀਆਂ ਦੀ ਪਾਲਣਾ ਕਰਦੇ ਹਾਂ

- ਮੀਡੀਆ, ਪ੍ਰੈਸ, ਮਾਲੀ ਭਾਈਚਾਰੇ ਜਾਂ ਲੋਕਾਂ ਵਲੋਂ ਕੰਪਨੀ ਦੀ ਮਾਲੀ ਜਾਂ ਕਾਰੋਬਾਰੀ ਜਾਣਕਾਰੀ ਨਾਲ ਸਬੰਧਤ ਕੋਲਗੇਟ ਦੀ ਖਾਤਰ ਬੋਲਣ ਲਈ ਕੀਤੀਆਂ ਜਾਣ ਵਾਲੀਆਂ ਬੇਨਤੀਆਂ, ਮੀਤ-ਪ੍ਰਧਾਨ, ਕਾਰਪੋਰੇਟ ਸੰਚਾਰ ਜਾਂ ਮੀਤ-ਪ੍ਰਧਾਨ, ਨਿਵੇਸ਼ਕ ਸਬੰਧਾਂ ਨੂੰ ਭੇਜੀਆਂ ਜਾਣੀਆਂ ਚਾਹੀਦੀਆਂ ਹਨ।

- ਸਿਕਿਓਰਟੀਆਂ ਅਤੇ ਐਕਸਚੇਂਜ ਕਮਿਸ਼ਨ, ਨਿਊ ਯਾੱਰਕ ਸ਼ੇਅਰ ਬਜ਼ਾਰ ਜਾਂ ਦੁਨੀਆ ਭਰ ਵਿਚਲੇ ਹੋਰ ਰੈਗੂਲੇਟਰ ਜਾਂ ਅਫ਼ਸਰਾਂ ਤੋਂ ਸੰਪਰਕਾਂ ਲਈ ਕੋਲਗੇਟ ਦੀ ਖਾਤਰ ਜਾਣਕਾਰੀ ਪ੍ਰਦਾਨ ਕਰਨ ਲਈ ਬੇਨਤੀਆਂ ਵਿਸ਼ਵ ਵਿਆਪੀ ਕਾਨੂੰਨੀ ਜਥੇਬੰਦੀ ਨੂੰ ਭੇਜੀਆਂ ਜਾਣੀਆਂ ਚਾਹੀਦੀਆਂ ਹਨ।

ਇਹ ਗੱਲ ਜ਼ਰੂਰੀ ਹੈ ਕਿ ਕੋਈ ਵੀ ਮੁਲਾਜ਼ਮ ਇਸ ਤਰ੍ਹਾਂ ਦੀ ਜਾਂਚ ਲਈ ਕੰਪਨੀ ਦੀ ਖਾਤਰ ਜਵਾਬ ਨਾ ਦਏ ਜਾਂ ਆਪਣੇ ਆਪ ਸੰਪਰਕ ਨਾ ਕਰੇ, ਕਿਉਂਕਿ ਇੱਕ ਅਨਉਚਿਤ ਜਾਂ ਗ਼ਲਤ ਜਵਾਬ, ਇਥੋਂ ਤੱਕ ਕਿ ਜਾਣਕਾਰੀ ਦੇਣ ਤੋਂ ਮਨ੍ਹਾ ਕਰਨਾ ਜਾਂ ਪ੍ਰਵਾਨ ਨਾ ਕਰਨਾ, ਉਲਟ ਪ੍ਰਚਾਰ ਦੀ ਵਜ੍ਹਾ ਬਣ ਸਕਦਾ ਹੈ ਅਤੇ ਨਹੀਂ ਤਾਂ ਕੰਪਨੀ ਦੀ ਕਾਨੂੰਨੀ ਸਥਿਤੀ 'ਤੇ ਬਹੁਤ ਗੰਭੀਰ ਅਸਰ ਪੈ ਸਕਦਾ ਹੈ।

ਇਹ ਨੀਤੀ ਸਾਰਵਜਨਿਕ ਤੌਰ 'ਤੇ ਉਪਲਬਧ ਮਾਲੀ ਜਾਣਕਾਰੀ ਸਬੰਧੀ ਬੇਨਤੀਆਂ 'ਤੇ ਲਾਗੂ ਨਹੀਂ ਹੁੰਦੀ, ਜਿਵੇਂ ਸਲਾਨਾ ਅਤੇ ਤਿਮਾਹੀ ਰਿਪੋਰਟਾਂ ਜਾਂ ਕੰਪਨੀ ਦੀਆਂ ਪ੍ਰੋਤਸਾਹਤ ਕਰਨ ਵਾਲੀਆਂ ਪ੍ਰਚਾਰ-ਪ੍ਰਸਾਰ ਦੀਆਂ ਸਰਗਰਮੀਆਂ।

ਕੰਪਨੀ ਜਾਂ ਉਸਦੇ ਮਾਮਲਿਆਂ ਦੀ ਖਾਤਰ ਬੋਲ ਰਹੇ ਕਿਸੇ ਕੋਲਗੇਟ ਮੁਲਾਜ਼ਮ ਦੇ ਨਾਲ ਇੰਟਰਵਿਊਜ਼ ਲਈ ਕੀਤੀਆਂ ਗਈਆਂ ਬੇਨਤੀਆਂ ਅਤੇ/ਜਾਂ ਕੰਪਨੀ ਦਾ ਅਖ਼ਬਾਰਾਂ ਦੇ ਨਾਂ ਬਿਆਨ ਅਤੇ/ਜਾਂ ਸਟੇਟਮੈਂਟ ਜਾਰੀ ਕਰਨ ਲਈ, ਮੀਤ-ਪ੍ਰਧਾਨ, ਕਾਰਪੋਰੇਟ ਸੰਚਾਰ ਜਾਂ ਮੀਤ-ਪ੍ਰਧਾਨ, ਨਿਵੇਸ਼ਕ ਸਬੰਧਾਂ ਤੋਂ ਜਾਇਜ਼ਾ ਲਿਆ ਜਾਣਾ ਚਾਹੀਦਾ ਹੈ ਅਤੇ ਅਗਾਊਂ ਮੰਜ਼ੂਰੀ ਦੇਣੀ ਚਾਹੀਦੀ ਹੈ। ਇਸ ਤਰ੍ਹਾਂ, ਕੰਪਨੀ ਦੁਆਰਾ ਪਹਿਲ ਕੀਤੇ ਇੰਟਰਵਿਊਜ਼ ਨੂੰ ਮੀਡੀਆ ਦੇ ਨਾਲ ਤੈਅ ਕਰਨ ਤੋਂ ਪਹਿਲਾਂ ਮੰਜ਼ੂਰੀ ਲੈਣਾ ਲਾਜ਼ਮੀ ਹੈ।

ਕੋਲਗੇਟ ਨਾਲ ਕੰਮ ਕਰਨ ਵਾਲੇ ਲੋਕੀਂ ਸਕਿਓਰਿਟੀਆਂ ਦਾ ਵਪਾਰ ਅਤੇ ਜਾਣਕਾਰੀ ਦੀ ਗੋਪਨੀਯਤਾ ਉੱਤੇ ਕੰਪਨੀ ਦੀਆਂ ਸੇਧਾਂ ਦਾ ਹਵਾਲਾ ਲੈ ਕੇ ਵਧੀਕ ਜਾਣਕਾਰੀ ਹਾਸਲ ਕਰ ਸਕਦੇ ਹਨ, ਜੋ ourcolgate.com ਉੱਤੇ ਕੰਪਨੀ ਦੇ ਕਾਰੋਬਾਰੀ ਅਭਿਆਸ ਸੇਧਾਂ ਦੇ ਪਾਠ 4 ਵਿੱਚ ਮਿਲ ਸਕਦੀ ਹੈ।

## ਅਸੀਂ ਭਰੋਸੇਮੰਦ ਕਿਤਾਬਾਂ ਅਤੇ ਰਿਕਾੱਰਡ ਰੱਖਦੇ ਹਾਂ

ਸਾਡੀ ਕੰਪਨੀ ਦੀ ਮਾਲੀ ਸਥਿਤੀ ਅਤੇ ਇਸਦੀਆਂ ਕਾਰਵਾਈਆਂ ਦੇ ਨਤੀਜਿਆਂ ਨੂੰ ਕਾਨੂੰਨ ਦੀਆਂ ਲੋੜਾਂ ਅਤੇ ਆਮ ਤੌਰ 'ਤੇ ਪ੍ਰਵਾਣਿਤ ਹਿਸਾਬ-ਕਿਤਾਬ ਦੇ ਸਿਧਾਂਤਾਂ (generally accepted accounting principles, GAAP) ਅਨੁਸਾਰ ਰਿਕਾੱਰਡ ਕੀਤਾ ਜਾਣਾ ਚਾਹੀਦਾ ਹੈ। ਕੰਪਨੀ ਦੀ ਨੀਤੀ ਦੇ ਨਾਲ ਨਾਲ ਕਾਨੂੰਨ ਅਨੁਸਾਰ ਕੋਲਗੇਟ ਵਲੋਂ ਕਿਤਾਬਾਂ, ਰਿਕਾੱਰਡ ਅਤੇ ਹਿਸਾਬ-ਕਿਤਾਬ ਨੂੰ ਇਸ ਢੰਗ ਨਾਲ ਬਣਾਈ ਰੱਖਣਾ ਜ਼ਰੂਰੀ ਹੈ, ਜਿਸ ਨਾਲ ਕਾਰੋਬਾਰੀ ਲੈਣ-ਦੇਣ ਦੀ ਪ੍ਰਕਿਰਤੀ ਅਤੇ ਕੰਪਨੀ ਦੇ ਅਸਾਮੀਆਂ ਦੇ ਪ੍ਰਬੰਧ ਢੁਕਵੇਂ ਅਤੇ ਠੀਕ ਢੰਗ ਨਾਲ ਪ੍ਰਗਟ ਹੋਣ।

ਕੰਪਨੀ ਦੇ ਹਿਸਾਬ-ਕਿਤਾਬ ਅਤੇ ਮਾਲੀ ਰਿਕਾੱਰਡਾਂ ਦੀ ਖਰਿਆਈ ਕੰਪਨੀ ਦੀਆਂ ਕਿਤਾਬਾਂ ਅਤੇ ਹਿਸਾਬ-ਕਿਤਾਬ ਦੀਆਂ ਸਹਾਇਕ ਐਂਟਰੀਆਂ ਲਈ ਪ੍ਰਦਾਨ ਕੀਤੀ ਜਾਣਕਾਰੀ ਦੀ ਸਟੀਕਤਾ ਅਤੇ ਪੂਰਣਤਾ 'ਤੇ ਅਧਾਰਿਤ ਹਨ। ਇਹ ਜਾਣਕਾਰੀ ਤਿਆਰ ਕਰਨ, ਅਮਲ ਵਿਚ ਲਿਆਉਣ ਅਤੇ ਰਿਕਾੱਰਡ ਕਰਨ ਵਿਚ ਸ਼ਾਮਲ ਸਾਰੇ ਲੋਕ ਇਸਦੀ ਖਰਿਆਈ ਲਈ ਜ਼ਿੰਮੇਵਾਰ ਮੰਨੇ ਜਾਂਦੇ ਹਨ। ਹਰ ਹਿਸਾਬ-ਕਿਤਾਬ ਜਾਂ ਮਾਲੀ ਐਂਟਰੀ ਨੂੰ ਉਥੇ ਹੀ ਦਰਸਾਉਣਾ ਚਾਹੀਦਾ ਹੈ, ਜੋ ਇਸਦੀ ਸਹਾਇਕ ਜਾਣਕਾਰੀ ਵਿਚ ਦਿੱਤੀ ਗਈ ਹੈ। ਪ੍ਰਬੰਧਕਾਂ ਤੋਂ, ਜਾਂ ਕੰਪਨੀ ਦੇ ਅੰਦਰੂਨੀ ਜਾਂ ਸੁਤੰਤਰ ਆੱਡੀਟਰਾਂ ਵਲੋਂ, ਜਾਂ ਦੁਆਰਾ ਕੋਈ ਵੀ ਜਾਣਕਾਰੀ ਲਾਜ਼ਮੀ ਤੌਰ ਤੇ ਲੁਕੋਈ ਨਹੀਂ ਜਾਣੀ ਚਾਹੀਦੀ।

ਕੰਪਨੀ ਦੀ ਤਰਫ਼ੋਂ ਕੋਈ ਵੀ ਅਜਿਹਾ ਭੁਗਤਾਨ ਜਾਂ ਉਸਦੀ ਪ੍ਰਵਾਣਗੀ ਇਸ ਇਰਾਦੇ ਜਾਂ ਸੋਚ ਨਾਲ ਨਹੀਂ ਦਿੱਤੀ ਜਾਣੀ ਚਾਹੀਦੀ ਕਿ ਇਸ ਤਰ੍ਹਾਂ ਦੇ ਭੁਗਤਾਨ ਦੇ ਕਿਸੇ ਹਿੱਸੇ ਦੀ ਵਰਤੋਂ ਭੁਗਤਾਨ ਦੇ ਸਹਾਇਕ ਦਸਤਾਵੇਜ਼ਾਂ ਵਿਚ ਦੱਸੇ ਗਏ ਉਦੇਸ਼ ਦੀ ਥਾਂ ਕਿਸੇ ਹੋਰ ਉਦੇਸ਼ ਲਈ ਕੀਤੀ ਜਾਏਗੀ। ਕੰਪਨੀ ਦੀਆਂ ਕਿਸੇ ਵੀ ਕਿਤਾਬਾਂ ਜਾਂ ਮਾਲੀ ਰਿਕਾੱਰਡਾਂ ਵਿਚ ਕਿਸੇ ਵੀ ਕਾਰਨ ਕਰਕੇ ਕੋਈ ਵੀ ਝੂਠੀਆਂ ਜਾਂ ਗੁਮਰਾਹਕੁੰਨ ਐਂਟਰੀਆਂ ਨਹੀਂ ਕੀਤੀਆਂ ਜਾਣੀਆਂ ਚਾਹੀਦੀਆਂ। ਕੰਪਨੀ ਦਾ ਕੋਈ ਵੀ ਧੰਨ, ਸੰਪਤੀ ਜਾਂ ਖਾਤਾ ਕਿਸੇ ਵੀ ਉਦੇਸ਼ ਲਈ ਤਿਆਰ, ਪ੍ਰਾਪਤ ਕੀਤਾ ਜਾਂ ਬਣਾ ਕੇ ਨਹੀਂ ਰੱਖਿਆ ਜਾ ਸਕਦਾ, ਜਦ ਤੱਕ ਕਿ ਇਸ ਨੂੰ ਕੰਪਨੀ ਦੀਆਂ ਕਿਤਾਬਾਂ ਅਤੇ ਰਿਕਾੱਰਡਾਂ ਵਿਚ ਉਚਿਤ ਤਰੀਕੇ ਨਾਲ ਦਰਸਾਇਆ ਨਹੀਂ ਜਾਂਦਾ। ਕਾਰਪੋਰੇਟ ਦੇ ਕਿਸੇ ਵੀ ਧੰਨ ਜਾਂ ਸੰਪਤੀ ਨੂੰ ਕਿਸੇ ਵੀ ਗ਼ੈਰਕਾਨੂੰਨੀ ਜਾਂ ਅਨਉਚਿਤ ਉਦੇਸ਼ ਲਈ ਵਰਤਿਆ ਨਹੀਂ ਜਾਣਾ ਚਾਹੀਦਾ।

ਮਾਲੀ ਜਾਣਕਾਰੀ ਦੀ ਤਿਆਰੀ ਲਈ ਮੈਨੇਜਰਾਂ ਅਤੇ ਹੋਰ ਜ਼ਿੰਮੇਵਾਰ ਲੋਕਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਕੋਲਗੇਟ ਦੀਆਂ ਕਾਰਪੋਰੇਟ ਮਾਲੀ ਨੀਤੀਆਂ ਦੀ ਪਾਲਣਾ ਕੀਤੀ ਜਾ ਰਹੀ ਹੈ। ਆਮਦਨੀ ਅਤੇ ਖ਼ਰਚੇ ਸਮੇਂ ਸਿਰ ਉਚਿਤ ਢੰਗ ਨਾਲ ਦਰਸਾਉਣੇ ਚਾਹੀਦੇ ਹਨ।

ਸੰਪਤੀਆਂ ਅਤੇ ਦੇਣਦਾਰੀਆਂ ਨੂੰ ਉਚਿਤ ਢੰਗ ਨਾਲ ਰਿਕਾੱਰਡ ਕਰਨਾ ਚਾਹੀਦਾ ਹੈ ਅਤੇ ਸਹੀ ਢੰਗ ਨਾਲ ਉਹਨਾਂ ਦੀ ਕੀਮਤ ਲਾਉਣੀ ਚਾਹੀਦੀ ਹੈ। ਇਸ ਤੋਂ ਅਲਾਵਾ, ਉਹ ਲੋਕ, ਜਿਹੜੇ ਸਿਕਿਓਰਟੀਆਂ ਅਤੇ ਐਕਸਚੇਂਜ ਕਮੀਸ਼ਨ ਦੇ ਨਾਲ ਕੋਲਗੇਟ ਦੀ ਜ਼ਰੂਰੀ ਫ਼ਾਈਲਿੰਗ ਕਰਨ ਅਤੇ ਕਾਨੂੰਨ ਵਲੋਂ ਲਾਗੂ ਹੋਰ ਫ਼ਾਈਲਿੰਗ ਕਰਨ ਲਈ ਜ਼ਿੰਮੇਵਾਰ ਜਾਂ ਸ਼ਾਮਲ ਹਨ, ਜਾਂ ਕਾਰੋਬਾਰੀ ਜਾਂ ਮਾਲੀ ਭਾਈਚਾਰੇ ਨਾਲ ਗੱਲਬਾਤ ਕਰਨ ਵਿਚ ਸ਼ਾਮਲ ਹਨ ਜਾਂ ਉਸ ਲਈ ਜ਼ਿੰਮੇਵਾਰ ਹੁੰਦੇ ਹਨ, ਉਹਨਾਂ ਵਲੋਂ ਇਹ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ ਕਿ ਉਹਨਾਂ ਫ਼ਾਈਲਿੰਗ ਅਤੇ ਗੱਲਬਾਤ ਵਿਚ ਕੀਤੇ ਗਏ ਖ਼ੁਲਾਸੇ ਕੀਤੇ ਗਏ ਸਮੇਂ ਤੇ, ਪੂਰੇ, ਨਿਰਪੱਖ, ਠੀਕ, ਸਮੇਂ ਸਿਰ ਅਤੇ ਸਮਝ ਵਿਚ ਆਉਣ ਵਾਲੇ ਹੋਣ। ਜੇ ਤੁਹਾਨੂੰ ਹਿਸਾਬ-ਕਿਤਾਬ ਜਾਂ ਮਾਲੀ ਐਂਟਰੀਆਂ ਵਿਚ ਸੰਭਵ ਭੁੱਲ, ਜਾਲਸਾਜ਼ੀ ਜਾਂ ਗ਼ਲਤੀਆਂ ਬਾਰੇ ਉਸਦੇ ਬੁਨਿਆਦੀ ਅੰਕੜਿਆਂ ਦੀਆਂ ਸਹਾਇਕ ਇੰਦਰਾਜ ਜਾਂ ਕੋਲਗੇਟ ਦੀਆਂ ਸਿਕਿਓਰਟੀਆਂ ਅਤੇ ਐਕਸਚੇਂਜ ਕਮਿਸ਼ਨ ਰਿਪੋਰਟ ਜਾਂ ਹੋਰ ਸੰਚਾਰ ਜਾਂ ਕਿਸੇ ਅੰਦਰੂਨੀ ਕੰਟਰੋਲ ਦੇ ਟੁੱਟਣ ਦਾ ਪਤਾ ਚੱਲਦਾ ਹੈ, ਤਾਂ ਤੁਹਾਨੂੰ ਅਜਿਹੀ ਜਾਣਕਾਰੀ ਦੀ ਰਿਪੋਰਟ ਆਪਣੇ ਮੈਨੇਜਰ ਜਾਂ ਵਿਸ਼ਵ ਵਿਆਪੀ ਕਾਨੂੰਨੀ ਜਥੇ ਬੰਦੀ ਨੂੰ ਫ਼ੌਰਨ ਕਰਨੀ ਚਾਹੀਦੀ ਹੈ। ਇਹਨਾਂ ਮਾਮਲਿਆਂ ਦੇ ਸਬੰਧ ਵਿੱਚ ਤੁਸੀਂ ਕੰਪਨੀ ਦੇ ਵਿਸ਼ਵ ਵਿਆਪੀ ਨੈਤਿਕਤਾ ਅਤੇ ਪਾਲਣਾ ਵਿਭਾਗ ਨਾਲ ਵੀ ਸੰਪਰਕ ਕਰ ਸਕਦੇ ਹੋ।

ਕੋਲਗੇਟ ਨਾਲ ਕੰਮ ਕਰਨ ਵਾਲੇ ਲੋਕੀਂ ਕੰਪਨੀ ਦੇ ਦਸਤਾਵੇਜ਼ਾਂ ਉੱਤੇ ਕੰਪਨੀ ਦੀਆਂ ਸੇਧਾਂ ਦਾ ਹਵਾਲਾ ਲੈ ਕੇ ਵਧੀਕ ਜਾਣਕਾਰੀ ਹਾਸਲ ਕਰ ਸਕਦੇ ਹਨ, ਜੋ ourcolgate.com ਉੱਤੇ ਕੰਪਨੀ ਦੇ ਕਾਰੋਬਾਰੀ ਅਭਿਆਸ ਸੇਧਾਂ ਦੇ ਪਾਠ 5 ਵਿੱਚ ਮਿਲ ਸਕਦੀ ਹੈ।

## ਅਸੀਂ ਕੋਲਗੇਟ ਦੀਆਂ ਸੰਪਤੀਆਂ ਦੀ ਰਾਖੀ ਕਰਦੇ ਹਾਂ

ਕੰਪਨੀ ਦੀਆਂ ਸੰਪਤੀਆਂ, ਸਹੂਲਤਾਂ ਜਾਂ ਸੇਵਾਵਾਂ ਦੀ ਵਰਤੋਂ ਸਿਰਫ਼ ਵੈਧ, ਉਚਿਤ ਅਤੇ ਇਖ਼ਤਿਆਰਪ੍ਰਾਪਤ ਉਦੇਸ਼ਾਂ ਲਈ ਕੀਤੀ ਜਾਣੀ ਚਾਹੀਦੀ ਹੈ। ਧੰਨ, ਸੰਪਤੀ ਜਾਂ ਸੇਵਾਵਾਂ ਦੀ ਚੋਰੀ ਕਰਨ ਦੀ ਸਖ਼ਤ ਮਨਾਹੀ ਹੈ। ਕੋਲਗੇਟ ਦੇ ਉਪਕਰਣ, ਸਿਸਟਮਾਂ, ਸਹੂਲਤਾਂ, ਕੰਪਨੀ ਦੇ ਕ੍ਰੈਡਿਟ ਕਾਰਡ ਅਤੇ ਸਮੱਗਰੀ ਦੀ ਵਰਤੋਂ ਕੋਲਗੇਟ ਵਿਖੇ ਤੁਹਾਡੀ ਨੌਕਰੀ ਜਾਂ ਪ੍ਰਬੰਧਕਾਂ ਵਲੋਂ ਇਖ਼ਤਿਆਰਪ੍ਰਾਪਤ ਉਦੇਸ਼ਾਂ ਲਈ ਕੀਤੀ ਜਾਣੀ ਲਾਜ਼ਮੀ ਹੈ। ਤੁਸੀਂ ਨਿਜੀ ਤੌਰ 'ਤੇ ਨਾ ਸਿਰਫ਼ ਕੰਪਨੀ ਵਲੋਂ ਤੁਹਾਡੇ ਸਪੁਰਦ ਕੀਤੀ ਗਈ ਸੰਪਤੀ ਦੀ ਰਾਖੀ ਕਰਨ ਲਈ ਜ਼ਿੰਮੇਵਾਰ ਹੋ, ਬਲਕਿ ਆਮਤੌਰ ਤੇ ਕੰਪਨੀ ਦੀ ਸੰਪਤੀ ਦੀ ਰਾਖੀ ਕਰਨ ਵਿਚ ਮਦਦ ਕਰਨ ਲਈ ਵੀ ਜ਼ਿੰਮੇਵਾਰ ਹੋ। ਤੁਹਾਨੂੰ ਕਿਸੇ ਵੀ ਅਜਿਹੀਆਂ ਸਥਿਤੀਆਂ ਜਾਂ ਘਟਨਾਵਾਂ ਲਈ ਚੌਕਸ ਰਹਿਣਾ ਚਾਹੀਦਾ ਹੈ, ਜਿਹਨਾਂ ਕਰਕੇ ਕੰਪਨੀ ਦੀ ਸੰਪਤੀ ਦਾ ਨੁਕਸਾਨ, ਦੁਰਵਰਤੋਂ ਜਾਂ ਚੋਰੀ ਹੋ ਸਕਦੀ ਹੈ ਅਤੇ ਜਿਵੇਂ ਹੀ ਤੁਹਾਨੂੰ ਇਹਨਾਂ ਸਥਿਤੀਆਂ ਬਾਰੇ ਪਤਾ ਚੱਲਦਾ ਹੈ, ਤੁਹਾਨੂੰ ਅਜਿਹੀਆਂ ਸਾਰੀਆਂ ਸਥਿਤੀਆਂ ਬਾਰੇ ਆਪਣੇ ਮੈਨੇਜਰ ਜਾਂ ਵਿਸ਼ਵ ਵਿਆਪੀ ਸੁਰੱਖਿਆ ਨੂੰ ਫ਼ੌਰਨ ਰਿਪੋਰਟ ਕਰਨੀ ਚਾਹੀਦੀ ਹੈ।

ਸਿਰਫ਼ ਕੁਝ ਕੰਪਨੀ ਅਫ਼ਸਰਾਂ ਅਤੇ ਹੋਰ ਸੀਨੀਅਰ ਮੁਲਾਜ਼ਮਾਂ ਨੂੰ ਹੀ ਕੰਪਨੀ ਦੀ ਸੰਪਤੀ 'ਤੇ ਅਸਰ ਪਾਉਣ ਵਾਲੀ ਵਚਨਬੱਧਤਾ ਨੂੰ ਸਿਰੇ ਚਾੜ੍ਹਨ ਦਾ ਹੱਕ ਹੈ। ਤੁਹਾਨੂੰ ਕੰਪਨੀ ਦੀ ਸੰਪਤੀ ਨੂੰ ਪ੍ਰਭਾਵਿਤ ਕਰਨ ਵਾਲੇ ਵਾਅਦੇ ਨਹੀਂ ਕਰਨੇ ਚਾਹੀਦੇ, ਜਦ ਤੱਕ ਕਿ ਤੁਹਾਨੂੰ ਢੁਕਵੇਂ ਤਰੀਕੇ ਨਾਲ ਇਖ਼ਤਿਆਰ ਨਾ ਮਿਲਿਆ ਹੋਵੇ। ਜੇ ਤੁਹਾਡੇ ਸਵਾਲ ਹਨ ਜਾਂ ਤੁਹਾਨੂੰ ਸਪਸ਼ਟੀਕਰਣ ਦੀ ਲੋੜ ਹੈ, ਤਾਂ ਤੁਹਾਨੂੰ ਆਪਣੇ ਸਥਾਨਕ ਜਾਂ ਡਿਵੀਜ਼ਨ ਦੇ ਮਾਲੀ ਡਾਇਰੈਕਟਰ ਨਾਲ ਸੰਪਰਕ ਕਰਨਾ ਚਾਹੀਦਾ ਹੈ।

### ਸਵਾਲ:

ਮੈਨੂੰ ਕੀ ਕਰਨਾ ਚਾਹੀਦਾ ਹੈ, ਜੇ ਮੈਨੂੰ ਅਗਲੀ ਮਿਆਦ ਤੱਕ ਕੁਝ ਖ਼ਰਚੇ ਵਧਾਉਣ ਵਿਚ ਦੇਰ ਕਰਨ ਲਈ ਕਿਹਾ ਜਾਂਦਾ ਹੈ? ਉਦਾਹਰਣ ਲਈ, ਜੇ ਕੋਈ ਮੈਨੂੰ ਕਹਿੰਦਾ ਹੈ ਕਿ “ਜਦੋਂ ਤੱਕ ਅਸੀਂ ਇਸ ਮਾਲੀ ਸਾਲ ਵਿਚ ਉਹਨਾਂ ਨੂੰ ਦਰਜ ਕਰ ਦਿੰਦੇ ਹਾਂ, ਤਾਂ ਅਸੀਂ ਕੁਝ ਵੀ ਗ਼ਲਤ ਨਹੀਂ ਕਰ ਰਹੇ,” ਕੀ ਇਹ ਠੀਕ ਹੈ?

### ਜਵਾਬ:

**ਨਹੀਂ।** ਖ਼ਰਚਿਆਂ ਦੇ ਵਾਧੇ ਵਿਚ ਜਾਣ-ਬੁੱਝ ਕੇ ਦੇਰ ਕਰਨਾ ਗੁਮਰਾਹਕੁਨ, ਅਪ੍ਰਵਾਣ ਹੋਏਗਾ ਅਤੇ ਸੰਭਵ ਤੌਰ 'ਤੇ ਗ਼ੈਰਕਾਨੂੰਨੀ ਵਿਹਾਰ ਹੋਏਗਾ, ਭਾਵੇਂ ਰਕਮ ਕਿੰਨੀ ਵੀ ਵੱਡੀ ਜਾਂ ਛੋਟੀ ਕਿਉਂ ਨਾ ਹੋਵੇ। ਹਰ ਕਾਰੋਬਾਰੀ ਅਤੇ ਮਾਲੀ ਲੈਣ-ਦੇਣ ਭਾਵੇਂ ਕਿ ਨਿਗੂਣੀ ਗੱਲ ਹੈ, ਪਰ ਉਸ ਬਾਰੇ ਠੀਕ ਢੰਗ ਨਾਲ ਅਤੇ ਇਮਾਨਦਾਰੀ ਨਾਲ ਰਿਪੋਰਟ ਕਰਨੀ ਚਾਹੀਦੀ ਹੈ। ਕੰਪਨੀ ਦੇ ਕਿਸੇ ਵੀ ਦਸਤਾਵੇਜ਼ ਜਾਂ ਰਿਕਾੱਰਡ ਦੀ ਜਾਲਸਾਜ਼ੀ ਗੰਭੀਰ ਜੁਰਮ ਹੈ ਅਤੇ ਇਸਦੇ ਨਤੀਜੇ ਵਜੋਂ ਨੌਕਰੀ ਵੀ ਛੁੱਟ ਸਕਦੀ ਹੈ।

## ਅਸੀਂ ਜਾਣਕਾਰੀ ਸਬੰਧੀ ਤਕਨਾਲੋਜੀ ਸ੍ਰੋਤਾਂ ਅਤੇ ਸੋਸ਼ਲ ਮੀਡੀਆ ਦੀ ਜ਼ਿੰਮੇਵਾਰੀ ਨਾਲ ਵਰਤੋਂ ਕਰਦੇ ਹਾਂ

ਕੋਲਗੇਟ ਦੇ ਸੂਚਨਾ ਤਕਨਾਲੋਜੀ (ਆਈਟੀ) ਸਾਧਨਾਂ ਅਤੇ ਸੋਸ਼ਲ ਮੀਡੀਆ ਨੂੰ ਜ਼ਿੰਮੇਵਾਰੀ ਨਾਲ ਅਤੇ ਸੰਹਿਤਾ ਅਤੇ ਕੰਪਨੀ ਦੀਆਂ ਹੋਰ ਸਾਰੀਆਂ ਨੀਤੀਆਂ ਜਾਂ ਸੇਧਾਂ ਅਨੁਸਾਰ ਉਚਿਤ ਢੰਗ ਨਾਲ ਵਰਤਣਾ ਚਾਹੀਦਾ ਹੈ।

ਕੋਲਗੇਟ ਦੇ ਆਈਟੀ ਸਾਧਨਾਂ ਵਿਚ ਸਾਰੇ ਮੌਜੂਦਾ ਅਤੇ ਭਵਿੱਖ ਦੇ ਸਾਜ਼-ਸਾਮਾਨ, ਸਾੱਫ਼ਟਵੇਅਰ ਅਤੇ ਸੇਵਾਵਾਂ ਸ਼ਾਮਲ ਹਨ, ਜੋ ਅੰਕੜਿਆਂ ਨੂੰ ਇਕੱਠਾ, ਭੰਡਾਰ, ਸੰਚਾਰ ਅਤੇ ਅਮਲ ਨੂੰ ਸਿਰੇ ਚਾੜ੍ਹਦੀਆਂ ਹਨ, ਜਿਹਨਾਂ ਦੀ ਮਲਕੀਅਤ, ਪੱਟਾ, ਕੋਲਗੇਟ ਦੇ ਕੋਲ ਹੈ ਜਾਂ ਕੋਲਗੇਟ ਵਲੋਂ ਦਿੱਤਾ ਗਿਆ ਹੈ।

ਕੋਲਗੇਟ ਦੇ ਆਈਟੀ ਸਾਧਨਾਂ ਦੀ ਵਰਤੋਂ ਇਕ ਸਨਮਾਨਜਨਕ, ਪੇਸ਼ੇਵਰ ਤਰੀਕੇ ਵਿੱਚ ਸਿਰਫ਼ ਕੋਲਗੇਟ ਦੇ ਕਾਰੋਬਾਰੀ ਉਦੇਸ਼ਾਂ ਲਈ ਕੀਤੀ ਜਾਣੀ ਚਾਹੀਦੀ ਹੈ, ਸੀਮਿਤ ਅਤੇ ਢੁਕਵੇਂ ਵਿਅਕਤੀਗਤ ਉਪਯੋਗਾਂ ਨੂੰ ਛੱਡ ਕੇ।

ਇਸ ਤੋਂ ਅਲਾਵਾ, ਹੇਠਾਂ ਦਿੱਤੇ ਉਪਯੋਗਾਂ ਦੀ ਮਨਾਹੀ ਹੈ:

- ਤੰਗ-ਪਰੇਸ਼ਾਨ ਕਰਨਾ, ਪੱਖਪਾਤ, ਬੇਇੱਜ਼ਤੀ, ਮਾਨ-ਹਾਨੀ, ਧੋਖੇਬਾਜ਼ੀ ਜਾਂ ਧਮਕੀ ਦੇ ਸੁਨੇਹੇ, ਜਿਹਨਾਂ ਵਿਚ ਉਹ ਗੱਲਾਂ ਵੀ ਸ਼ਾਮਲ ਹਨ, ਜਿਹਨਾਂ ਵਿਚ ਜਾਤ, ਧਰਮ, ਰਾਸ਼ਟਰੀ ਮੂਲ, ਨਸਲੀ ਮੂਲ, ਰੰਗ, ਲਿੰਗ, ਲਿੰਗਕ ਪਛਾਣ, ਉਮਰ, ਨਾਗਰਿਕਤਾ, ਤਜਰਬਾਕਾਰ ਦਰਜਾ, ਵਿਆਹੁਤਾ ਦਰਜਾ, ਅਪੰਗਤਾ ਜਾਂ ਕਾਨੂੰਨ ਵਲੋਂ ਸੁਰੱਖਿਅਤ ਕਿਸੇ ਹੋਰ ਗੁਣ-ਲੱਛਣਾਂ ਨੂੰ ਵੇਖਦਿਆਂ ਬੇਇੱਜ਼ਤੀ ਕੀਤੀ ਗਈ ਹੋਵੇ।
- ਕੋਲਗੇਟ ਦੀ ਰਾਜ਼ਦਾਰ ਜਾਂ ਵਪਾਰਕ ਭੇਤ ਸਬੰਧੀ ਜਾਣਕਾਰੀ ਨੂੰ ਬਿਨਾ ਇਖ਼ਤਿਆਰ ਦੇ ਵੰਡਣਾ ਜਾਂ ਕੰਪਨੀ ਦੇ ਕਾਰੋਬਾਰ ਦੇ ਬਿਨਾ ਇਖ਼ਤਿਆਰ ਦੇ ਵਿਚਾਰ ਵਟਾਂਦਰੇ ਜਾਂ ਕਿਸੇ ਬਾਹਰੀ ਸਾਈਟ ਬਾਰੇ ਅੰਦਰੂਨੀ ਅਮਲਾਂ ਦੀ ਬਿਨਾ ਇਖ਼ਤਿਆਰ ਦੇ ਚਰਚਾ ਕਰਨੀ।
- ਸੁਰੱਖਿਆ ਦੀ ਉਲੰਘਣਾ ਕਰਨਾ ਜਾਂ ਇਜਾਜ਼ਤ ਦੇਣਾ ਜਾਂ ਨੇਟਵਰਕ ਸੰਚਾਰ ਵਿਚ ਵਿਘਨ ਪਾਉਣਾ ਅਤੇ/ਜਾਂ ਅਨਉਚਿਤ ਤਰੀਕੇ ਨਾਲ ਦੂਜਿਆਂ ਨੂੰ ਆਪਣੀ ਯੂਜ਼ਰ ਆਈਡੀ ਜਾਂ ਪਾਸਵਰਡ ਦੱਸਣਾ ਜਾਂ ਦੂਜਿਆਂ ਨੂੰ ਆਪਣੀ ਯੂਜ਼ਰ ਆਈਡੀ ਜਾਂ ਪਾਸਵਰਡ ਦੀ ਵਰਤੋਂ ਕਰਨ ਦੇਣਾ।
- ਕੰਪਨੀ ਦੇ ਕਾਰੋਬਾਰੀ ਵਿਹਾਰ ਸਬੰਧੀ ਸੇਧਾਂ ਜਾਂ ਸੂਚਨਾ ਤਕਨਾਲੋਜੀ ਸਾਧਨਾਂ ਅਤੇ ਸੋਸ਼ਲ ਮੀਡੀਆ ਦੀ ਵਰਤੋਂ ਬਾਰੇ ਸੇਧਾਂ ਵਲੋਂ ਕੀਤੀ ਗਈ ਮਨਾਹੀ ਦੀ ਕੋਈ ਵੀ ਹੋਰ ਵਰਤੋਂ।

ਲਾਗੂ ਕਾਨੂੰਨਾਂ ਰਾਹੀਂ ਸੀਮਤ ਕੀਤੇ ਜਾਣ ਤੋਂ ਅਲਾਵਾ, ਕੰਪਨੀ ਦੀ ਮਰਜ਼ੀ ਅਤੇ ਲਾਗੂ ਕਾਨੂੰਨਾਂ ਮੁਤਾਬਕ ਢੁਕਵੀਆਂ ਸਥਿਤੀਆਂ ਵਿਚ ਕੰਪਨੀ ਦੇ ਸਾਰੇ ਸੂਚਨਾ ਤਕਨਾਲੋਜੀ ਸਾਧਨਾਂ ਦੀ ਨਿਗਰਾਨੀ, ਪਹੁੰਚ ਅਤੇ ਜਾਇਜ਼ੇ ਦਾ ਹੱਕ ਕੋਲਗੇਟ ਕੋਲ ਰਾਖਵਾਂ ਹੈ। ਕੰਪਨੀ ਕੋਲ ਕੰਪਨੀ ਦੇ ਸਾਰੇ ਆਈਟੀ ਸਾਧਨਾਂ ਦੀ ਨਿਗਰਾਨੀ, ਵਰਤੋਂ ਅਤੇ ਜਾਇਜ਼ੇ ਦੇ ਹੱਕ ਦਾ ਵਿਸਥਾਰ ਕਾਰੋਬਾਰ ਦੇ ਨਾਲ ਨਾਲ ਨਿਜੀ ਜਾਣਕਾਰੀ 'ਤੇ ਵੀ ਹੈ, ਜਿਹੜੀ ਕੰਪਨੀ ਦੇ ਆਈਟੀ ਸਾਧਨਾਂ ਦੀ ਵਰਤੋਂ ਕਰਕੇ ਬਣਾਈ ਗਈ, ਇਕੱਠੀ ਕੀਤੀ ਗਈ ਜਾਂ ਭੇਜੀ ਗਈ ਹੈ ਅਤੇ ਇਸ ਵਿਚ ਕੰਪਨੀ ਦੇ ਆਈਟੀ ਸਾਧਨਾਂ ਰਾਹੀਂ ਦੇਖੀਆਂ ਜਾਣ ਵਾਲੀਆਂ ਸੋਸ਼ਲ ਮੀਡੀਆ ਸਾਈਟਾਂ ਵੀ ਸ਼ਾਮਲ ਹਨ। ਮੁਲਾਜ਼ਮਾਂ ਨੂੰ ਇਸ ਤਰ੍ਹਾਂ ਦੀ ਕਾਰੋਬਾਰੀ ਜਾਂ ਨਿਜੀ ਜਾਣਕਾਰੀ ਲਈ ਰਾਜ਼ਦਾਰੀ ਦੀ ਕੋਈ ਉਮੀਦ ਨਹੀਂ ਕਰਨੀ ਚਾਹੀਦੀ।

ਕੋਲਗੇਟ ਕੋਲ ਕਿਸੇ ਵੀ ਵੇਲੇ, ਕਿਸੇ ਵੀ ਕਾਰਨ ਕਰਕੇ ਅਗਾਊਂ ਨੋਟਿਸ ਦੇਕੇ ਜਾਂ ਨੋਟਿਸ ਦਿੱਤੇ ਬਿਨਾ, ਜਿਥੇ ਕਾਨੂੰਨ ਵਲੋਂ ਮਨਾਹੀ ਵਿਚ ਛੋਟ ਦਿੱਤੀ ਗਈ ਹੈ, ਕਿਸੇ ਵੀ ਵਰਤੋਂ ਕਰਨ ਵਾਲੇ ਦੀ ਪਹੁੰਚ ਜਾਂ ਕੋਲਗੇਟ ਦੀ ਜਾਣਕਾਰੀ ਸਬੰਧੀ ਤਕਨਾਲੋਜੀ ਦੇ ਸਾਧਨਾਂ 'ਤੇ ਬੰਦਿਸ਼ ਲਾਉਣ ਜਾਂ ਸਮਾਪਤ ਕਰਨ ਦਾ ਹੱਕ ਰਾਖਵਾਂ ਹੈ।

ਕੋਲਗੇਟ ਨਾਲ ਕੰਮ ਕਰਨ ਵਾਲੇ ਲੋਕੀਂ ਸੂਚਨਾ ਤਕਨਾਲੋਜੀ ਸਾਧਨਾਂ ਅਤੇ ਸੋਸ਼ਲ ਮੀਡੀਆ ਦੀ ਵਰਤੋਂ ਕਰਨਾ ਉੱਤੇ ਕੰਪਨੀ ਦੀਆਂ ਸੇਧਾਂ ਦਾ ਹਵਾਲਾ ਲੈ ਕੇ ਵਧੀਕ ਜਾਣਕਾਰੀ ਹਾਸਲ ਕਰ ਸਕਦੇ ਹਨ, ਜੋ ourcolgate.com ਉੱਤੇ ਕੰਪਨੀ ਦੇ ਕਾਰੋਬਾਰੀ ਅਭਿਆਸ ਸੇਧਾਂ ਦੇ ਪਾਠ 13 ਵਿੱਚ ਮਿਲ ਸਕਦੀ ਹੈ।

# ਡਾਇਰੈਕਟਰਾਂ ਦੇ ਬੋਰਡ ਨਾਲ ਸਾਡਾ ਰਿਸ਼ਤਾ



*ਅਸੀਂ ਬਹੁਤ ਹੀ ਕਿਸਮਤ ਵਾਲੇ ਹਾਂ ਕਿ ਸਾਡੇ ਕੋਲ ਅਜਿਹੇ ਬਿਹਤਰੀਨ ਵਿਅਕਤੀਆਂ ਦਾ ਸਮੂਹ ਹੈ, ਜੋ ਕੰਪਨੀ ਦੇ ਡਾਇਰੈਕਟਰਾਂ ਦੇ ਬੋਰਡ ਵਿਚ ਸ਼ਾਮਲ ਹਨ, ਜੋ ਸਾਡੀ ਲਗਾਤਾਰ ਕਾਮਯਾਬੀ ਲਈ ਸਲਾਹ, ਸੇਧ ਦਿੰਦੇ ਹਨ ਅਤੇ ਰਹਿਨੁਮਾਈ ਕਰਦੇ ਹਨ। ਕਾਰੋਬਾਰ, ਸਿਖਿਆ ਅਤੇ ਸਾਰਵਜਨਿਕ ਸੇਵਾ, ਅੰਤਰਰਾਸ਼ਟਰੀ ਅਨੁਭਵ, ਸਿੱਖਿਆ-ਸਬੰਧੀ ਪ੍ਰਾਪਤੀ, ਸਦਾਚਾਰੀ ਅਤੇ ਨੈਤਿਕ ਚਰਿੱਤਰ ਅਤੇ ਵਿਵਧਤਾ ਵਿਚ ਆਪਣੇ ਸਮੂਹਕ ਪਿਛੋਕੜ ਨਾਲ, ਡਾਇਰੈਕਟਰਾਂ ਦਾ ਸਾਡਾ ਬੋਰਡ ਕੰਪਨੀ ਦੇ ਕਾਰੋਬਾਰ ਦੀ ਅਸਰਦਾਰ ਨਿਗਰਾਨੀ ਕਰਦਾ ਹੈ।*

## ਸਾਡਾ ਅਜਿਹਾ ਡਾਇਰੈਕਟਰਾਂ ਦਾ ਬੋਰਡ ਹੈ, ਜੋ ਖ਼ੁਦਮੁਖ਼ਤਾਰ, ਅਨੁਭਵੀ ਹੈ ਅਤੇ ਵਿਵਧ ਹੈ

ਖ਼ੁਦਮੁਖ਼ਤਾਰੀ ਨਾਲ ਦਿਆਨਤਦਾਰੀ ਅਤੇ ਜਵਾਬਦੇਹੀ ਨੂੰ ਵਧਾਵਾ ਮਿਲਦਾ ਹੈ। ਇਹ ਕੋਲਗੇਟ ਦੀ ਨੀਤੀ ਹੈ ਕਿ ਉਸ ਕੋਲ ਡਾਇਰੈਕਟਰਾਂ ਦਾ ਅਜਿਹਾ ਬੋਰਡ ਹੋਵੇ, ਜਿਸ ਵਿਚ ਮੁਖ ਤੌਰ 'ਤੇ ਬਾਹਰ ਦੇ ਖ਼ੁਦਮੁਖ਼ਤਾਰ ਡਾਇਰੈਕਟਰ ਸ਼ਾਮਲ ਹੋਣ। ਸਾਰੇ ਡਾਇਰੈਕਟਰ, ਜੋ ਬੋਰਡ ਦੀਆਂ ਕਮੇਟੀਆਂ ਵਿਚ ਕੰਮ ਕਰਦੇ ਹਨ, ਜੋ ਆੱਡਿਟ, ਮੁਆਵਜ਼ੇ ਅਤੇ ਪ੍ਰਬੰਧ ਸਬੰਧੀ ਮਾਮਲੇ ਵੇਖਦੇ ਹਨ, ਖ਼ੁਦਮੁਖ਼ਤਾਰ ਹਨ। ਕੋਈ ਇੰਟਰਲਾੱਕਿੰਗ ਡਾਇਰੈਕਟਰਸ਼ਿਪ ਨਹੀਂ ਹਨ, ਅਤੇ ਇਹ ਕੰਪਨੀ ਦੀ ਨੀਤੀ ਹੈ ਕਿ ਖ਼ੁਦਮੁਖ਼ਤਾਰ ਡਾਇਰੈਕਟਰਾਂ ਵਿਚੋਂ ਕਿਸੇ ਨੂੰ ਵੀ ਕੰਪਨੀ ਵਲੋਂ ਸਲਾਹਕਾਰੀ, ਕਾਨੂੰਨੀ ਜਾਂ ਕਿਸੇ ਵੀ ਹੋਰ ਗ਼ੈਰ-ਡਾਇਰੈਕਟਰ ਫ਼ੀਸ ਨਾ ਮਿਲੇ।

## ਅਸੀਂ ਬੋਰਡ ਨਾਲ ਸਿੱਧੀ ਅਤੇ ਖੁੱਲ੍ਹੀ ਗੱਲਬਾਤ ਨੂੰ ਵਧਾਵਾ ਦਿੰਦੇ ਹਾਂ

ਬੋਰਡਰੂਮ ਦੇ ਅੰਦਰ ਅਤੇ ਬਾਹਰ ਦੋਵਾਂ ਥਾਵਾਂ 'ਤੇ ਕੋਲਗੇਟ ਦੇ ਡਾਇਰੈਕਟਰਾਂ ਦਾ ਕੰਪਨੀ ਦੇ ਪ੍ਰਬੰਧਕਾਂ ਨਾਲ ਅਕਸਰ ਅਤੇ ਸਿੱਧਾ ਸੰਪਰਕ ਹੁੰਦਾ ਹੈ। ਮੁਖ ਸੀਨੀਅਰ ਮੈਨੇਜਰ ਨੇਮ ਨਾਲ ਡਾਇਰੈਕਟਰਾਂ ਦੇ ਬੋਰਡ ਦੀਆਂ ਮੀਟਿੰਗਾਂ ਅਤੇ ਹੋਰ ਗ਼ੈਰ-ਰਸਮੀ ਸਮਾਗਮਾਂ ਵਿਚ ਸ਼ਾਮਿਲ ਹੁੰਦੇ ਹਨ, ਅਤੇ ਉਹ ਇਕੱਠਿਆਂ ਮਿਲਕੇ ਵੱਖ ਵੱਖ ਕਾਰੋਬਾਰੀ ਮੁੱਦਿਆਂ ਦੇ ਬੇਲਾਗ ਵਿਚਾਰ-ਵਟਾਂਦਰਿਆਂ ਵਿਚ ਸਰਗਰਮੀ ਨਾਲ ਹਿੱਸਾ ਲੈਂਦੇ ਹਨ। ਬੋਰਡ ਦੀਆਂ ਤੈਅਸ਼ੁਦਾ ਮੀਟਿੰਗਾਂ ਦੌਰਾਨ, ਡਾਇਰੈਕਟਰਾਂ ਨੂੰ ਸੱਦਾ ਦਿੱਤਾ ਜਾਂਦਾ ਹੈ ਅਤੇ ਉਹ ਅਕਸਰ ਸਵਾਲਾਂ ਅਤੇ ਸੁਝਾਵਾਂ ਨਾਲ ਸੀਨੀਅਰ ਮੈਨੇਜਰਾਂ ਨਾਲ ਸੰਪਰਕ ਕਰਦੇ ਹਨ। ਇਸ ਦੇ ਨਤੀਜੇ ਵਜੋਂ ਖੁਲ੍ਹੇ ਮਨ ਨਾਲ ਅਤੇ ਸਾਫ਼ਗੋਈ ਦਾ ਮਾਹੌਲ ਕੋਲਗੇਟ ਦੇ ਸਮੁੱਚੇ ਕਾਰਪੋਰੇਟ ਸਭਿਆਚਾਰ ਨੂੰ ਦਰਸਾਉਂਦਾ ਹੈ ਅਤੇ ਬੋਰਡ, ਕੰਪਨੀ ਦੀ ਕਾਰੋਬਾਰੀ ਰਣਨੀਤੀ ਦੇ ਵਿਕਾਸ ਅਤੇ ਰਹਿਨੁਮਾਈ ਵਿਚ ਸਰਗਰਮ ਭੂਮਿਕਾ ਨਿਭਾਉਂਦਾ ਹੈ।

## ਅਸੀਂ ਸ੍ਰੇਸ਼ਠ ਕਾਰਪੋਰੇਟ ਪ੍ਰਸ਼ਾਸਨ ਪ੍ਰਤੀ ਵਚਨਬੱਧ ਹਾਂ

ਕੋਲਗੇਟ ਦਾ ਬੋਰਡ ਕਾਰਪੋਰੇਟ ਅਥਾਰਿਟੀ ਦੀਆਂ ਤਜਵੀਜ਼ਾਂ ਦੀ ਹਿਮਾਇਤ ਕਰਨ ਵਿਚ ਆਗੂ ਰਿਹਾ ਹੈ। ਆਪਣੇ ਪਹਿਲੇ ਸਾਥੀਆਂ ਵਿਚਕਾਰ ਸਾਰੇ ਕਾਰੋਬਾਰੀ ਲੈਣ-ਦੇਣ ਦਾ ਪ੍ਰਬੰਧ ਕਰਨ ਅਤੇ ਬੋਰਡ ਅਤੇ ਉਸਦੀਆਂ ਕਮੇਟੀਆਂ ਲਈ ਚਾਰਟਰ ਵਿਕਸਿਤ ਕਰਨ ਵਾਸਤੇ ਰਸਮੀ ਤੌਰ 'ਤੇ ਪਹਿਲ ਕਰਨ ਵਾਲਿਆਂ ਵਿਚੋਂ ਇੱਕ ਰਿਹਾ ਹੈ, ਕੋਲਗੇਟ ਨੇ ਪਿਛਲੇ ਦੋ ਦਹਾਕਿਆਂ ਵਿਚ ਸ੍ਰੇਸ਼ਠ ਕਾਰਪੋਰੇਟ ਅਥਾੱਰਿਟੀ ਸਬੰਧੀ ਵਿਹਾਰਾਂ ਨੂੰ ਸਥਾਪਿਤ ਕੀਤਾ ਹੈ, ਜਿਹਨਾਂ ਵਿਚ ਲਗਾਤਾਰ ਸੁਧਾਰ ਅਤੇ ਤਬਦੀਲੀਆਂ ਕੀਤੀਆਂ ਜਾ ਰਹੀਆਂ ਹਨ। ਕੋਲਗੇਟ ਦਾ ਬੋਰਡ ਇਹਨਾਂ ਨੀਤੀਆਂ ਦਾ ਮੁੱਖ ਧੁਰਾ ਹੈ ਅਤੇ ਦ੍ਰਿੜਤਾ ਨਾਲ ਇਹ ਵਿਸ਼ਵਾਸ ਕਰਦਾ ਹੈ ਕਿ ਚੰਗੀ ਕਾਰਪੋਰੇਟ ਅਥਾੱਰਿਟੀ, ਸਾਡੇ ਲੰਮੀ ਮਿਆਦ ਦੇ ਕਾਰੋਬਾਰ ਦੀ ਕਾਮਯਾਬੀ ਨੂੰ ਪ੍ਰੇਰਦੀ ਹੈ ਅਤੇ ਉਸ ਲਈ ਬਹੁਤ ਹੀ ਮਦਦਗਾਰ ਹੈ।

ਕੋਲਗੇਟ ਦੇ ਲੋਕੀਂ "ਵਿਸ਼ੇਸ਼ ਕਾਰਪੋਰੇਟ ਅਥਾੱਰਿਟੀ ਸਬੰਧੀ ਮੁੱਦਿਆਂ ਉੱਤੇ ਬੋਰਡ ਦੀਆਂ ਸੇਧਾਂ" ਵੇਖ ਕੇ ਵਾਧੂ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ, ਜੋ ਕਿ colgatepalmolive.com ਤੇ ਮਿਲ ਸਕਦੀ ਹੈ।



# ਬਾਹਰੀ ਕਾਰੋਬਾਰੀ ਸੰਸਥਾਵਾਂ ਨਾਲ ਸਾਡਾ ਰਿਸ਼ਤਾ

*ਅਸੀਂ ਸਾਰੇ ਇਸ ਗੱਲ ਲਈ ਜ਼ਿੰਮੇਵਾਰ ਹਾਂ ਕਿ ਸਪਲਾਇਰ, ਖਪਤਕਾਰ ਅਤੇ ਹੋਰ ਤੀਜੀਆਂ ਧਿਰਾਂ ਸਾਡੇ ਬਾਰੇ ਕਿਹੋ ਜਿਹਾ ਮਹਿਸੂਸ ਕਰਦੇ ਹਨ। ਇਹ ਜ਼ਰੂਰੀ ਹੈ ਕਿ ਇਹਨਾਂ ਸਮੂਹਾਂ ਦੇ ਨਾਲ ਅਸੀਂ ਇਮਾਨਦਾਰ ਅਤੇ ਨਿਰਪੱਖ ਲੈਣ-ਦੇਣ ਨਾਲ ਕੰਪਨੀ ਦੀ ਸਾਖ਼ ਬਣਾਈ ਰੱਖੀਏ।*

## ਅਸੀਂ ਸਪਲਾਇਰਾਂ, ਖਪਤਕਾਰਾਂ ਅਤੇ ਹੋਰ ਤੀਜੀਆਂ ਧਿਰਾਂ ਦੇ ਨਾਲ ਨੈਤਿਕ ਤਰੀਕੇ ਨਾਲ ਨਜਿੱਠਦੇ ਹਾਂ

ਸਪਲਾਇਰਾਂ, ਖਪਤਕਾਰਾਂ ਅਤੇ ਹੋਰ ਤੀਜੀਆਂ ਧਿਰਾਂ ਦੇ ਨਾਲ ਇਮਾਨਦਾਰੀ ਵਾਲਾ ਕਾਰੋਬਾਰ, ਮਜ਼ਬੂਤ, ਲੰਮੇ ਸਮੇਂ ਤੱਕ ਚੱਲਣ ਵਾਲੇ ਸਬੰਧਾਂ ਲਈ ਜ਼ਰੂਰੀ ਹੈ। ਅਸੀਂ ਸਾਰੀਆਂ ਸੰਭਵ ਤੀਜੀਆਂ ਧਿਰਾਂ ਨੂੰ ਨਿਰਪੱਖ ਅਤੇ ਇੱਕੋ ਜਿਹੀ ਅਹਿਮੀਅਤ ਦਿੰਦੇ ਹਾਂ। ਵ੍ਰਿਕੇਤਾ ਚੋਣ ਫ਼ੈਸਲੇ, ਉਦੇਸ਼ ਦੀ ਸ਼੍ਰੇਣੀ ਵਾਲੇ ਮਿਆਰਾਂ 'ਤੇ ਅਧਾਰਿਤ ਹੁੰਦੇ ਹਨ, ਜਿਵੇਂ ਕਿ ਕੀਮਤ ਅਤੇ ਕੁਆਲਿਟੀ, ਨਾਲੋਂ ਨਾਲ ਭਰੋਸੇਯੋਗਤਾ ਅਤੇ ਦਿਆਨਤਦਾਰੀ।

ਇਸ ਦੇ ਅਤਿਰਿਕਤ, ਅਸੀਂ ਕੀਮਤਾਂ, ਪਰਚਾਰਕ ਭੱਤਿਆਂ, ਬਾਜ਼ਾਰੀ ਸਹਿਯੋਗ ਜਾਂ ਅਜਿਹੀਆਂ ਚੀਜ਼ਾਂ ਬਾਰੇ ਤੀਜੀਆਂ ਧਿਰਾਂ ਨੂੰ ਕੋਈ ਵਿਅਕਤੀਗਤ ਰਿਆਇਤ ਨਹੀਂ ਦਿੰਦੇ। ਸਪਲਾਇਅਰਾਂ, ਖਪਤਕਾਰਾਂ ਅਤੇ ਹੋਰ ਤੀਜੀਆਂ ਧਿਰਾਂ ਦੇ ਨਾਲ ਨੱਜਿਠਣ ਦੀ ਚਰਚਾ ਅੱਗੇ ਸਰਕਾਰ ਅਤੇ ਕਾਨੂੰਨ ਨਾਲ ਸਾਡੇ ਸਬੰਧ ਦਾ ਸੰਬੋਧਨ ਕਰ ਰਹੇ ਇਸ ਸੰਹਿਤਾ ਦੇ ਸੈਕਸ਼ਨ ਵਿੱਚ ਕੀਤੀ ਗਈ ਹੈ।

ਕੋਲਗੇਟ ਤੀਜੀ ਧਿਰ ਦੀ ਵਿਹਾਰ ਸੰਹਿਤਾ ਕੰਪਨੀ ਦੀ ਵੈਬਸਾਈਟ ਉੱਤੇ ਕਈ ਭਾਸ਼ਾਵਾਂ ਵਿੱਚ ਉਪਲਬਧ ਹੈ।

## ਅਸੀਂ ਅਨਉਚਿਤ ਤੋਹਫ਼ੇ ਦਿੰਦੇ ਜਾਂ ਸਵੀਕਾਰ ਨਹੀਂ ਕਰਦੇ

ਕਿਸੇ ਵੀ ਕਾਰੋਬਾਰੀ ਫ਼ੈਸਲੇ 'ਤੇ ਅਸਰ ਪਾਉਣ ਜਾਂ ਇੰਜ ਲੱਗੇ ਕਿ ਅਸਰ ਪਾਇਆ ਗਿਆ ਹੈ, ਲਈ ਤੋਹਫ਼ਾ, ਭੁਗਤਾਨ ਜਾਂ ਹੋਰ ਨਿਜੀ ਲਾਭ (ਜਿਸ ਵਿੱਚ ਵੱਢੀ ਜਾਂ ਰਿਸ਼ਵਤ ਸ਼ਾਮਲ ਹੈ, ਪਰ ਇਹਨਾਂ ਤੱਕ ਸੀਮਿਤ ਨਹੀਂ) ਦੇਣਾ ਜਾਂ ਲੈਣਾ ਸਵੀਕਾਰ ਨਹੀਂ ਹੈ। ਜੇ ਤੁਹਾਡਾ ਇਰਾਦਾ ਤੋਹਫ਼ਾ, ਭੁਗਤਾਨ ਜਾਂ ਕੋਈ ਹੋਰ ਲਾਭ ਦੇਣ ਜਾਂ ਲੈਣ ਦਾ ਹੈ, ਜਿਸਦੀ ਕੀਮਤ ਮਾਮੂਲੀ ਤੋਂ ਵੱਧ ਹੈ (ਲਗਭਗ $50 USD) ਹੈ, ਜਾਂ, ਤੁਹਾਨੂੰ ਲੱਗਦਾ ਹੈ ਕਿ ਅਜਿਹਾ ਤੋਹਫ਼ਾ, ਭੁਗਤਾਨ ਜਾਂ ਹੋਰ ਫਾਇਦਾ ਕਾਰੋਬਾਰੀ ਫੈਸਲੇ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਵਿੱਚ ਪੇਸ਼ ਜਾਂ ਪ੍ਰਦਾਨ ਕੀਤਾ ਗਿਆ ਸੀ, ਤਾਂ ਤੁਹਾਨੂੰ ਵਿਸ਼ਵ ਵਿਆਪੀ ਕਾਨੂੰਨੀ ਜੱਥੇਬੰਦੀ ਜਾਂ ਵਿਸ਼ਵ ਵਿਆਪੀ ਨੈਤਿਕਤਾ ਅਤੇ ਪਾਲਣਾ ਨਾਲ ਲਾਜ਼ਮੀ ਤੌਰ ਤੇ ਸੰਪਰਕ ਕਰਨਾ ਚਾਹੀਦਾ ਹੈ। ਇਸ ਦੇ ਨਾਲ ਹੀ, ਇਹ ਵੀ ਧਿਆਨ ਰੱਖੋ ਕਿ ਤੁਸੀਂ ਇੱਕ ਸ੍ਰੋਤ ਤੋਂ ਮਾਮੂਲੀ ਕੀਮਤ ਦਾ ਤੋਹਫ਼ਾ ਹਰ ਕੈਲੰਡਰ ਸਾਲ ਵਿਚ ਸਿਰਫ਼ ਇੱਕ ਵਾਰੀ ਲੈ ਸਕਦੇ ਹੋ। ਜੇ ਤੁਹਾਡੇ ਵਲੋਂ ਕਿਸੇ ਵਿਸ਼ੇਸ਼ ਤੋਹਫ਼ੇ, ਜਿਸਦੀ ਕੀਮਤ ਮਾਮੂਲੀ ਤੋਂ ਵੱਧ ਹੋ ਸਕਦੀ ਹੈ, ਨੂੰ ਨਾ ਲੈਣਾ ਕੰਪਨੀ ਲਈ ਸ਼ਰਮਿੰਦਗੀ ਦੀ ਗੱਲ ਹੋ ਸਕਦੀ ਹੈ, ਤਾਂ ਤੁਹਾਡੇ ਵਲੋਂ ਲਏ ਗਏ ਤੋਹਫ਼ੇ ਬਾਰੇ ਵਿਸ਼ਵ ਵਿਆਪੀ ਕਾਨੂੰਨੀ ਜਥੇਬੰਦੀ ਨੂੰ ਦੱਸਣਾ ਚਾਹੀਦਾ ਹੈ। ਇਸ ਦੇ ਅਤਿਰਿਕਤ, ਅਜਿਹੇ ਕਿਸੇ ਵਿਅਕਤੀ ਵਲੋਂ ਜਿਸ ਦਾ ਕੰਪਨੀ ਦੇ ਨਾਲ ਮੌਜੂਦਾ ਕਾਰੋਬਾਰੀ ਸਬੰਧ ਹੈ ਜਾਂ ਭਵਿੱਖ ਵਿੱਚ ਇਕ ਕਾਰੋਬਾਰੀ ਸਬੰਧ ਸਥਾਪਿਤ ਕਰਨਾ ਚਾਹੇਗਾ, ਪਰਿਵਾਰ ਦੇ ਨਜ਼ਦੀਕੀ ਸਦੱਸ ਦੀ ਖਾਤਰ ਕਿਸੇ ਤੋਹਫ਼ੇ ਲਈ, ਭੁਗਤਾਨ ਜਾਂ ਹੋਰ ਫਾਇਦਾ ਜਿਸ ਦਾ ਮੁੱਲ ਮਾਮੂਲੀ ਤੋਂ ਵੱਧ ਹੈ, ਬੰਦੋਬਸਤ ਨਾ ਕਰੋ ਜਾਂ ਸਵੀਕਾਰ ਨਾ ਕਰੋ।

**ਇਸ ਨਿਯਮ ਦੀ ਪਾਲਣਾ ਕਰੋ:** ਕਦੇ ਵੀ ਕੋਈ ਤੋਹਫ਼ਾ ਜਾਂ ਸੇਵਾ ਪ੍ਰਵਾਨ ਨਾ ਕਰੋ ਜੇ ਉਸ ਲਈ ਤੁਹਾਨੂੰ ਸਮਝੌਤਾ ਕਰਨਾ ਪਏ ਜਾਂ ਇੰਜ ਲੱਗੇ ਕਿ ਤੁਹਾਨੂੰ ਸਮਝੌਤਾ ਕਰਨਾ ਪਿਆ। ਇਸ ਵਿੱਚ ਕਦੇ-ਕਦਾਈਂ ਹੋਣ ਵਾਲਾ, ਮੁਨਾਸਬ ਕਾਰੋਬਾਰੀ ਮਨੋਰੰਜਨ ਜਾਂ ਮਾਮੂਲੀ ਕੀਮਤ ਦੇ ਤੋਹਫ਼ੇ ਸ਼ਾਮਲ ਨਹੀਂ ਹੁੰਦੇ।

ਤੁਹਾਨੂੰ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਫ਼ੈਡਰਲ, ਸਟੇਟ, ਸਥਾਨਕ ਜਾਂ ਵਿਦੇਸ਼ੀ ਸਰਕਾਰੀ ਅਧਿਕਾਰੀਆਂ ਅਤੇ ਸਰਕਾਰਾਂ ਨਾਲ ਕਾਰੋਬਾਰ ਕਰਨ ਵਿਚ ਉਚਿਤ ਵਿਹਾਰ ਕਰਨ ਦੇ ਵਿਸ਼ੇਸ਼ ਨੇਮ ਹਨ, ਜਿਹੜੇ ਗ਼ੈਰ-ਸਰਕਾਰੀ ਕੰਪਨੀਆਂ ਨਾਲ ਕਾਰੋਬਾਰ ਕਰਨ ਦੇ ਨੇਮਾਂ ਤੋਂ ਵੱਖ ਹਨ। ਆਮ ਤੌਰ 'ਤੇ, ਤੁਸੀਂ ਸਰਕਾਰੀ ਮੁਲਾਜ਼ਮਾਂ ਨੂੰ ਕੋਈ ਤੋਹਫ਼ਾ, ਲਾਭ ਜਾਂ ਕੋਈ ਅਜਿਹੀ ਚੀਜ਼, ਜਿਸਦੀ ਕੀਮਤ ਹੋਵੇ, ਦੇ ਜਾਂ ਉਸ ਦੀ ਪੇਸ਼ਕਸ਼ ਨਹੀਂ ਕਰ ਸਕਦੇ, ਜਿਸ ਵਿਚ ਸ਼ਾਮਲ ਹੈ, ਭੋਜਨ ਜਾਂ ਸਫ਼ਰ, ਜਦ ਤੱਕ ਕਿ ਵਿਸ਼ਵ ਵਿਆਪੀ ਕਾਨੂੰਨੀ ਜਥੇਬੰਦੀ ਵਲੋਂ ਇਸ ਨੂੰ ਪਹਿਲਾਂ ਹੀ ਮੰਜ਼ੂਰੀ ਨਾ ਦਿੱਤੀ ਹੋਵੇ।

ਕੋਲਗੇਟ ਦੇ ਲੋਕੀਂ ਸਰਕਾਰੀ ਅਧਿਕਾਰੀਆਂ ਜਾਂ ਸਰਕਾਰਾਂ ਨੂੰ ਤੋਹਫ਼ਿਆਂ ਨਾਲ ਸਬੰਧਤ ਵਾਧੂ ਜਾਣਕਾਰੀ, ਸਰਕਾਰੀ ਅਧਿਕਾਰੀਆਂ ਅਤੇ ਸਰਕਾਰਾਂ ਨਾਲ ਸਬੰਧਤ ਖਰਚਿਆਂ ਉੱਤੇ ਵਿਸ਼ਵ ਵਿਆਪੀ ਨੀਤੀ, ਅਤੇ ਸਬੰਧਤ ਮੰਜ਼ੂਰੀ ਫਾਰਮ ਨੂੰ ਦੇਖ ਕੇ, ਪ੍ਰਾਪਤ ਕਰ ਸਕਦੇ ਹਨ।

ਕੋਲਗੇਟ ਦੇ ਸਪਲਾਇਰਾਂ ਅਤੇ ਵਿਕ੍ਰੇਤਾਵਾਂ ਨੂੰ ਹਮੇਸ਼ਾ ਤੀਜੀ ਧਿਰ ਦੀ ਵਿਹਾਰ ਸੰਹਿਤਾ ਦੀ ਪਾਲਣਾ ਕਰਨ ਦੀ ਲੋੜ ਦੀ ਸਲਾਹ ਦਿੱਤੀ ਜਾਂਦੀ ਹੈ, ਜਦੋਂ ਉਹ ਸਾਡੇ ਨਾਲ ਕੰਮ ਕਰ ਰਹੇ ਹੋਣ ਜਾਂ ਇੰਜ ਕਰਨ ਵਿਚ ਨਾਕਾਮ ਰਹਿਣ 'ਤੇ ਸਾਡੇ ਨਾਲ ਕਾਰੋਬਾਰ ਕਰਨ ਨਾ ਕਰਨ ਦੀ ਸੰਭਾਵਨਾ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਤੋਂ ਅਲਾਵਾ, ਸਾਨੂੰ ਖਪਤਕਾਰਾਂ ਜਾਂ ਸਪਲਾਇਰਾਂ ਦੀਆਂ ਨੀਤੀਆਂ ਦਾ ਉਸਹੱਦ ਤੱਕ ਸਤਿਕਾਰ ਅਤੇ ਪਾਲਣਾ ਕਰਨੀ ਚਾਹੀਦੀ ਹੈ, ਜਿਥੇ ਤੱਕ ਉਹਨਾਂ ਦੀ ਸਾਡੀਆਂ ਖ਼ੁਦ ਦੀਆਂ ਨੀਤੀਆਂ ਨਾਲ ਮੁਖ਼ਾਲਫ਼ਤ ਨਾ ਹੋਵੇ।

**ਸਵਾਲ:**

ਇਕ ਖਪਤਕਾਰ ਨੇ ਮੈਨੂੰ ਇਕ ਪੇਸ਼ੇਵਰ ਗੋਲਫ ਮੁਕਾਬਲੇ ਲਈ ਸੱਦਾ ਦਿੱਤਾ। ਮੈਂ ਆਪਣੇ ਸੁਪਰਵਾਈਜ਼ਰ ਨੂੰ ਸੱਦੇ ਦੀ ਖ਼ਬਰ ਦਿੱਤੀ ਅਤੇ ਉਸਨੇ ਉਂਨੀ ਦੇਰ ਤੱਕ ਮੇਰੀ ਭਾਗੀਦਾਰੀ ਮੰਜ਼ੂਰ ਕੀਤੀ, ਜਦੋਂ ਤੱਕ ਕਾਰੋਬਾਰ ਦੀ ਚਰਚਾ ਹੋਏ। ਮੁਕਾਬਲੇ ਦੇ ਦੌਰਾਨ, ਇਕ ਡ੍ਰਾਇੰਗ ਰੱਖੀ ਗਈ ਸੀ ਅਤੇ ਮੈਂ ਮਾਮੂਲੀ ਮੁੱਲ ਤੋਂ ਕਾਫ਼ੀ ਵੱਧ ਦੇ ਗੋਲਫ ਕਲੱਬਸ ਦਾ ਇਕ ਸੈਟ ਜਿੱਤਿਆ। ਕੀ ਇਹ ਫੇਰ ਸੰਹਿਤਾ ਦੀ ਉਲੰਘਣਾ ਕਰ ਰਿਹਾ ਹੋਵੇਗਾ?

**ਜਵਾਬ:**

**ਹਾਂ।** ਕਿਸੇ ਮੁਕਾਬਲੇ, ਡ੍ਰਾਇੰਗ ਜਾਂ ਰੈਂਫਲ ਵਿੱਚ ਪ੍ਰਾਪਤ ਕੀਤਾ ਕੋਈ ਇਨਾਮ ਤੋਹਫ਼ਾ ਮੰਨਿਆ ਜਾਵੇਗਾ। ਜੇ ਤੋਹਫ਼ੇ ਦੀ ਕੀਮਤ ਸਾਡੀ ਤੋਹਫ਼ਾ ਨੀਤੀ ਦੁਆਰਾ ਪਰਿਭਾਸ਼ਾ ਅਨੁਸਾਰ ਮਾਮੂਲੀ ਰਕਮ ਤੋਂ ਵੱਧ ਜਾਂਦੀ ਹੈ ਤਾਂ ਇਸ ਨੂੰ ਸਵੀਕਾਰ ਕਰਨਾ ਸੰਹਿਤਾ ਦੀ ਉਲੰਘਣਾ ਮੰਨਿਆ ਜਾਵੇਗਾ। ਨਾਲ ਹੀ, EthicsLine ਵਾਧੂ ਸੇਧ ਜਾਂ ਸਲਾਹ ਪ੍ਰਦਾਨ ਕਰ ਸਕਦੀ ਹੈ ਜੇ ਤੁਹਾਡੇ ਸਵਾਲ ਹਨ।

## ਅਸੀਂ ਹੋਰਨਾਂ ਦੇ ਕਾਰੋਬਾਰੀ ਭੇਤਾਂ ਅਤੇ ਰਾਜ਼ਦਾਰੀ ਵਾਲੀ ਜਾਣਕਾਰੀ ਦਾ ਸਤਿਕਾਰ ਕਰਦੇ ਹਾਂ

ਇਹ ਕੋਲਗੇਟ ਦੀ ਨੀਤੀ ਹੈ ਕਿ ਦੂਜਿਆਂ ਦੀ ਵੈਧ ਅਤੇ ਲਾਗੂ ਕਰਨ ਯੋਗ ਬੌਧਿਕ ਸੰਪਤੀ ਦੇ ਹੱਕਾਂ ਦੀ ਜਾਣ-ਬੁੱਝਕੇ ਉਲੰਘਣਾ ਨਾ ਕੀਤੀ ਜਾਏ। ਕੰਪਨੀ ਦੀ ਇਹ ਵੀ ਨੀਤੀ ਹੈ ਕਿ ਦੂਜਿਆਂ ਦੇ ਕਾਰੋਬਾਰੀ ਭੇਤਾਂ ਜਾਂ ਹੋਰ ਮਾਲਕੀ ਸਬੰਧੀ ਜਾਣਕਾਰੀ ਦਾ ਸਤਿਕਾਰ ਕੀਤਾ ਜਾਏ। ਇਹ ਵਿਸ਼ੇਸ਼ ਤੌਰ 'ਤੇ ਅਹਿਮ ਹੈ, ਜੇ ਤੁਸੀਂ ਕੋਲਗੇਟ ਵਿੱਚ ਸ਼ਾਮਲ ਹੁੰਦੇ ਹੋ ਅਤੇ ਤੁਹਾਨੂੰ ਸਾਬਕਾ ਨੌਕਰੀਦਾਤਾ ਦੇ ਕਾਰੋਬਾਰੀ ਭੇਤਾਂ ਜਾਂ ਮਾਲਕੀ ਸਬੰਧੀ ਜਾਣਕਾਰੀ ਬਾਰੇ ਪਤਾ ਹੋਵੇ। ਜੇ ਇਸ ਖੇਤਰ ਨਾਲ ਸਬੰਧਤ ਕੋਈ ਸਵਾਲ ਪੈਦਾ ਹੁੰਦੇ ਹਨ, ਤਾਂ ਤੁਹਾਨੂੰ ਵਿਸ਼ਵ ਵਿਆਪੀ ਕਾਨੂੰਨੀ ਜਥੇਬੰਦੀ ਨਾਲ ਸੰਪਰਕ ਕਰਨਾ ਚਾਹੀਦਾ ਹੈ।

ਜੇ ਕੰਪਨੀ ਤੋਂ ਬਾਹਰ ਦਾ ਕੋਈ ਵੀ ਵਿਅਕਤੀ ਤੁਹਾਨੂੰ ਕਿਸੇ ਕਾਢ, ਖੋਜ ਜਾਂ ਵਿਚਾਰ ਦੇ ਨਾਲ ਮਿਲਦਾ ਹੈ, ਤਾਂ ਇਹ ਜ਼ਰੂਰੀ ਹੈ ਕਿ ਭਵਿੱਖ ਵਿਚ ਹੋਣ ਵਾਲੀ ਉਲੰਘਣਾ ਜਾਂ ਮਾਲੀ ਦਾਅਵਿਆਂ ਤੋਂ ਕੰਪਨੀ ਦੀ ਰਾਖੀ ਕੀਤੀ ਜਾਏ। ਬਾਹਰ ਦੇ ਕਿਸੇ ਵੀ ਵਿਅਕਤੀਆਂ ਨੂੰ ਉਹਨਾਂ ਦੀ ਕਾਢ, ਖੋਜ ਜਾਂ ਨਵੇਂ ਵਿਚਾਰ ਦੀ ਕਿਸੇ ਵੀ ਜਾਣਕਾਰੀ ਨੂੰ ਪਹਿਲੇ ਵਿਸ਼ਵ ਵਿਆਪੀ ਕਾਨੂੰਨੀ ਜੱਥੇਬੰਦੀ ਨਾਲ ਸਲਾਹ ਕੀਤੇ ਬਿਨਾਂ ਵਿਖਾਉਣ ਦੀ ਇਜਾਜ਼ਤ ਨਾ ਦਿਓ। ਉਹ ਸਾਰੀਆਂ ਧਿਰਾਂ ਜੋ ਤੁਹਾਡੇ ਕੋਲ ਬੇਲੋੜੇ ਸੁਝਾਅ ਲੈ ਕੇ ਆਉਂਦੀਆਂ ਹਨ, ਉਹਨਾਂ ਦਾ ਹਵਾਲਾ ਜਾਂ ਤਾਂ ਵਿਸ਼ਵ ਵਿਆਪੀ ਕਾਨੂੰਨੀ ਜੱਥੇਬੰਦੀ ਜਾਂ ਤੁਹਾਡੀ ਕੰਮ ਵਾਲੀ ਥਾਂ ਤੇ ਉਪਲਬਧ ਖਪਤਕਾਰੀ ਮਾਮਲਿਆਂ ਬਾਰੇ ਵਿਭਾਗ ਨੂੰ ਕੰਪਨੀ ਦੇ ਅਮਲਾਂ ਮੁਤਾਬਕ ਨੱਜਿਠਣ ਲਈ ਦਿਓ।

ਕੋਲਗੇਟ ਨਾਲ ਕੰਮ ਕਰਨ ਵਾਲੇ ਲੋਕੀਂ "ਕੰਪਨੀ ਦੀ ਮਾਲਕੀ-ਸਬੰਧੀ ਜਾਣਕਾਰੀ ਨੂੰ ਬਚਾਉਣਾ ਅਤੇ ਦੂਜਿਆਂ ਦੀ ਮਾਲਕੀ-ਸਬੰਧੀ ਜਾਣਕਾਰੀ ਦਾ ਸਤਿਕਾਰ ਕਰਨਾ" ਉੱਤੇ ਕੰਪਨੀ ਦੀਆਂ ਸੇਧਾਂ ਦਾ ਹਵਾਲਾ ਲੈ ਕੇ ਵਧੀਕ ਜਾਣਕਾਰੀ ਹਾਸਲ ਕਰ ਸਕਦੇ ਹਨ, ਜੋ ourcolgate.com ਉੱਤੇ ਕੰਪਨੀ ਦੇ ਕਾਰੋਬਾਰੀ ਅਭਿਆਸ ਸੇਧਾਂ ਦੇ ਪਾਠ 12 ਵਿੱਚ ਮਿਲ ਸਕਦੀ ਹੈ।

# ਖਪਤਕਾਰਾਂ ਦੇ ਨਾਲ ਸਾਡਾ ਰਿਸ਼ਤਾ



*ਸਾਡੀ ਕੰਪਨੀ ਦੀ ਸਾਖ਼ ਸਾਡੇ ਉਤਪਾਦਾਂ ਦੀ ਕੁਆਲਿਟੀ ਅਤੇ ਸੁਰੱਖਿਆ ਕਰਕੇ ਬਣੀ ਹੈ। ਕੁਆਲਿਟੀ ਅਤੇ ਸੁਰੱਖਿਆ ਪ੍ਰਤੀ ਸਾਡੀ ਵਚਨਬੱਧਤਾ, ਸਾਡੀ ਕੰਪਨੀ ਦੇ ਲਗਾਤਾਰ ਵਾਧੇ ਅਤੇ ਕਾਮਯਾਬੀ ਲਈ ਜ਼ਰੂਰੀ ਹੈ।*

## ਅਸੀਂ ਆਪਣੇ ਉਤਪਾਦਾਂ ਲਈ ਸਭ ਤੋਂ ਉੱਚੇ ਮਿਆਰ ਤੈਅ ਕਰਦੇ ਹਾਂ

ਅਸੀਂ ਇਹ ਯਕੀਨੀ ਬਣਾਉਣ ਲਈ ਵਚਨਬੱਧ ਹਾਂ ਕਿ ਖਪਤਕਾਰ, ਕੋਲਗੇਟ ਦੇ ਉਤਪਾਦਾਂ ਤੇ, ਉਹਨਾਂ ਦੀ ਭਰੋਯੋਗਤਾ, ਕੁਆਲਿਟੀ ਅਤੇ ਬਿਹਤਰੀਨ ਕਾਰਗੁਜ਼ਾਰੀ ਲਈ ਭਰੋਸਾ ਕਰ ਸਕਣ। ਸਾਡੇ ਵਲੋਂ ਕਾਰੋਬਾਰ ਕੀਤੇ ਜਾਣ ਵਾਲੇ ਬਾਜ਼ਾਰ ਵਿਚ ਅਰਬਾਂ ਲੋਕਾਂ ਦੀ ਸੇਵਾ ਕਰਨ ਤੋਂ ਅਲਾਵਾ, ਸਾਨੂੰ ਲਗਾਤਾਰ ਆਪਣੇ ਉਤਪਾਦਾਂ ਦੀ ਸਭ ਤੋਂ ਕਾਰਗਰ ਤਰੀਕੇ ਨਾਲ ਉਤਪਾਦਨ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ, ਤਾਂਜੋ ਉਹ ਖਪਤਕਾਰਾਂ ਦੀ ਵੱਡੀ ਤਦਾਦ ਲਈ ਪੁੱਜਤਯੋਗ ਹੋਣ।

ਕੋਲਗੇਟ ਵਲੋਂ ਵੇਚੀਆਂ ਜਾਣ ਵਾਲੀਆਂ ਚੀਜ਼ਾਂ ਵਿਚ ਨਾ ਸਿਰਫ਼ ਕਾਨੂੰਨ ਵਲੋਂ ਤੈਅ ਸਾਰੇ ਸੁਰੱਖਿਆ ਮਿਆਰਾਂ ਨੂੰ ਪੂਰਾ ਕਰਨਾ ਚਾਹੀਦਾ ਹੈ, ਬਲਕਿ ਆਮ ਤੌਰ 'ਤੇ ਸਾਡੀ ਕੰਪਨੀ ਦੇ ਜ਼ਿਆਦਾ ਸਖ਼ਤ ਮਿਆਰਾਂ ਨੂੰ ਵੀ ਪੂਰਾ ਕਰਨਾ ਚਾਹੀਦਾ ਹੈ। ਅਸੀਂ ਪ੍ਰੋਗਰਾਮਾਂ ਵਿਚ ਹਿੱਸਾ ਲੈਂਦੇ ਹਾਂ, ਤਾਂਜੋ ਉਤਪਾਦ ਨਾਲ ਛੇੜਛਾੜ, ਦੁਰਵਰਤੋਂ ਜਾਂ ਨਕਲੀ ਉਤਪਾਦ ਹੋਣ ਦੇ ਸ਼ੱਕੀ ਮਾਮਲਿਆਂ ਵਿਚ ਆਪਣੇ ਖਪਤਕਾਰਾਂ ਦੀ ਫ਼ੌਰਨ ਮਦਦ ਕੀਤੀ ਜਾ ਸਕੇ। ਖਪਤਕਾਰ ਦੀ ਸਿਹਤ, ਸੁਰੱਖਿਆ ਅਤੇ ਭਲਾਈ ਸਾਡੇ ਲਈ ਸਭ ਤੋਂ ਮਹੱਤਵਪੂਰਨ ਹਨ ਅਤੇ ਕੋਲਗੇਟ ਦੇ ਮੁਲਾਜ਼ਮ ਦੇ ਤੌਰ 'ਤੇ ਇਹ ਤੁਹਾਡੀ ਜ਼ਿੰਮੇਵਾਰੀ ਹੈ ਕਿ ਜੇ ਤੁਹਾਡੇ ਸਾਹਮਣੇ ਉਤਪਾਦ ਦੀ ਕੁਆਲਿਟੀ ਜਾਂ ਸੁਰੱਖਿਆ ਨਾਲ ਸਬੰਧਿਤ ਕੋਈ ਮਾਮਲੇ ਆਉਂਦੇ ਹਨ, ਤਾਂ ਤੁਹਾਨੂੰ ਅਜਿਹੇ ਮਾਮਲਿਆਂ ਦੀ ਜਾਣਕਾਰੀ ਫ਼ੌਰਨ ਆਪਣੀ ਕਾਰੋਬਾਰੀ ਯੂਨਿਟ ਦੇ ਮੁਖੀ ਨੂੰ ਦੇਣੀ ਚਾਹੀਦੀ ਹੈ।

ਸਾਡੇ ਤੱਤਾਂ ਦੀ ਸੁਰੱਖਿਆ ਬਾਰੇ ਵਧੇਰੀ ਜਾਣਕਾਰੀ ਲਈ, ਕਿਰਪਾ ਕਰਕੇ ਤੱਤ ਦੀ ਸੁਰੱਖਿਆ ਉੱਤੇ ਸਾਡੀ ਨੀਤੀ ਨੂੰ ਦੇਖੋ, ਜੋ colgatepalmolive.com ਉੱਤੇ ਮਿਲ ਸਕਦੀ ਹੈ।

## ਅਸੀਂ ਖਪਤਕਾਰਾਂ ਨੂੰ ਹੁੰਗਾਰਾ ਦਿੰਦੇ ਹਾਂ

ਕਿਉਂਕਿ ਸਾਡਾ ਕਾਰੋਬਾਰ ਖਪਤਕਾਰੀ ਉਤਪਾਦਾਂ ਦਾ ਹੈ, ਸਾਡੀ ਕਾਮਯਾਬੀ ਖਪਤਕਾਰ ਦੀ ਤਸੱਲੀ, ਵਿਸ਼ਵਾਸ ਅਤੇ ਸਾਖ਼ 'ਤੇ ਨਿਰਭਰ ਕਰਦੀ ਹੈ। ਅਸੀਂ ਖਪਤਕਾਰ ਦੇ ਸੰਚਾਰ ਦੇ ਭਰੋਸੇਯੋਗ, ਉਚਿਤ ਅਤੇ ਸੰਵੇਦਨਸ਼ੀਲ ਪ੍ਰੋਗਰਾਮ ਅਪਣਾਕੇ ਆਪਣੇ ਉਦੇਸ਼ਾਂ ਨੂੰ ਬਿਹਤਰ ਢੰਗ ਨਾਲ ਹਾਸਿਲ ਕਰ ਸਕਦੇ ਹਾਂ ਅਤੇ ਖਪਤਕਾਰਾਂ ਦੀਆ ਜ਼ਰੂਰਤਾਂ ਪੂਰੀਆਂ ਕਰ ਸਕਦੇ ਹਾਂ।

ਅਸੀਂ ਖਪਤਕਾਰਾਂ ਦੀਆਂ ਜ਼ਰੂਰਤਾਂ ਅਤੇ ਤਰਜੀਹਾਂ ਲਈ ਪਹਿਲਾਂ ਤੋਂ ਅੰਦਾਜ਼ਾ ਲਾਉਣ ਅਤੇ ਪ੍ਰਤੀਕਰਮ ਦੇਣ ਦੀ ਅਹਿਮੀਅਤ ਨੂੰ ਸਮਝਦੇ ਹਾਂ। ਸਾਡਾ ਇਹ ਵੀ ਮੰਨਣਾ ਹੈ ਕਿ ਸਾਡੇ ਉਤਪਾਦਾਂ ਨਾਲ ਸਬੰਧਿਤ ਕੰਪਨੀ ਨੂੰ ਭੇਜੀ ਗਈ ਖਪਤਕਾਰ ਦੀ ਰਾਇ, ਚਿੰਤਾਵਾਂ ਅਤੇ ਪੁੱਛਗਿੱਛ ਜਾਣਕਾਰੀ ਦੇ ਅਹਿਮ ਸ੍ਰੋਤ ਹਨ। ਖਪਤਕਾਰ ਦੀਆਂ ਜ਼ਰੂਰਤਾਂ ਲਗਾਤਾਰ ਬਦਲਦੀਆਂ ਰਹਿੰਦੀਆਂ ਹਨ, ਇਸ ਲਈ ਸਾਨੂੰ ਲਗਾਤਾਰ ਸੁਣਨਾ ਚਾਹੀਦਾ ਹੈ ਕਿ ਲੋਕ ਕੀ ਚਾਹੁੰਦੇ ਹਨ ਤਾਂ ਜੋ ਬਦਲਦੀਆਂ ਜ਼ਰੂਰਤਾਂ ਨੂੰ ਸੰਬੋਧਤ ਕੀਤਾ ਜਾਵੇ।

ਜਦੋਂ ਇੱਕ ਖਪਤਕਾਰ ਅਸੰਤੁਸ਼ਟੀ ਪ੍ਰਗਟਾਉਂਦਾ ਹੈ, ਤਾਂ ਸਾਡੀ ਖਪਤਕਾਰ ਸਬੰਧੀ ਮਾਮਲਿਆਂ ਦੀ ਟੀਮ ਸਮੱਸਿਆ ਦਾ ਨਿਪਟਾਰਾ ਫ਼ੌਰਨ, ਨਿਮਰਤਾ ਨਾਲ ਅਤੇ ਨਿਆਪੂਰਣ ਢੰਗ ਨਾਲ ਕਰੇਗੀ ਅਤੇ ਖਪਤਕਾਰ ਦੀ ਸਾਖ਼ ਬਣਾਈ ਰੱਖਣ ਜਾਂ ਫਿਰ ਤੋਂ ਹਾਸਿਲ ਕਰਨ ਲਈ ਹਰ ਢੁਕਵੀਂ ਕੋਸ਼ਿਸ਼ ਕਰੇਗੀ।

## ਸਾਡੇ ਵਿਗਿਆਪਨ ਇਮਾਨਦਾਰ ਅਤੇ ਦਰੁਸਤ ਹਨ

ਵਿਗਿਆਪਨ ਸਾਡੇ ਕਾਰੋਬਾਰ ਦੇ ਸਭ ਤੋਂ ਅਹਿਮ ਪਹਿਲੂਆਂ ਵਿਚੋਂ ਇੱਕ ਹੈ। ਵਿਗਿਆਪਨ ਰਚਨਾਤਮਕ ਅਤੇ ਮੁਕਾਬਲੇਬਾਜ਼ੀ ਵਾਲਾ ਹੋਣਾ ਚਾਹੀਦਾ ਹੈ, ਪਰ ਇਸ ਦੇ ਨਾਲ ਨਾਲ ਸੱਚਾ ਅਤੇ ਸਹੀ ਹੋਣਾ ਚਾਹੀਦਾ ਹੈ ਅਤੇ ਹਮੇਸ਼ਾ ਲਾਗੂ ਕਾਨੂੰਨ ਦੀ ਪਾਲਣਾ ਕਰਨ ਅਨੁਸਾਰ ਹੋਣਾ ਚਾਹੀਦਾ ਹੈ। ਸਾਡੇ ਵਿਗਿਆਪਨ ਨੂੰ ਹੇਠ ਲਿਖੇ ਕਾਰਕਾਂ ਦੇ ਅਧਾਰ 'ਤੇ ਲੋਕਾਂ 'ਤੇ ਕੀਤੀ ਜਾਣ ਵਾਲੀ ਕਿਸੇ ਵੀ ਕੱਟੜਤਾ ਤੋਂ ਵੀ ਬਚਣਾ ਚਾਹੀਦਾ ਹੈ।

- ਜਾਤ
- ਧਰਮ
- ਰਾਸ਼ਟਰੀ ਮੂਲ
- ਨਸਲੀ ਗੁਣ
- ਲਿੰਗ ਜਾਂ ਲਿੰਗਕ ਪਛਾਣ
- ਉਮਰ
- ਜਿਨਸੀ ਰੁਝਾਨ
- ਵੈਟਰਨ ਦਰਜਾ (ਸੈਨਾ, ਨੌ-ਸੈਨਾ ਜਾਂ ਵਾਯੂ ਸੈਨਾ ਤੋਂ ਸੇਵਾ ਨਿਵਿਰਤ)
- ਵਿਆਹੁਤਾ-ਦਰਜਾ
- ਅਪੰਗਤਾ
- ਕਾਨੂੰਨ ਵਲੋਂ ਸੁਰੱਖਿਅਤ ਹੋਰ ਗੁਣ-ਲੱਛਣ

**ਸਵਾਲ:**

ਮੇਰਾ ਸਹਿ-ਮੁਲਾਜ਼ਮ ਇਕ ਲਾਈਨ ਔਪਰੇਟਰ ਹੈ ਜੋ ਘੰਟਾਵਾਰ ਵਜ਼ਨ ਜਾਂਚਾਂ ਕਰਨ ਲਈ ਜ਼ਿੰਮੇਵਾਰ ਹੈ, ਇਹ ਯਕੀਨੀ ਬਣਾਉਣ ਲਈ ਕਿ ਉਤਪਾਦ ਦੀ ਸਹੀ ਮਾਤਰਾ ਪ੍ਰਦਾਨ ਕੀਤੀ ਗਈ ਹੈ। ਮੇਰਾ ਮੰਨਣਾ ਹੈ ਕਿ ਉਹ ਜਾਂਚਾਂ ਨਹੀਂ ਕਰ ਰਿਹਾ ਹੈ ਅਤੇ ਦਸਤਾਵੇਜ਼ਾਂ ਵਿੱਚ ਜਾਲਸਾਜ਼ੀ ਕਰ ਰਿਹਾ ਹੈ। ਕੀ ਮੈਨੂੰ ਆਪਣੇ ਸੁਪਰਵਾਈਜ਼ਰ ਨੂੰ ਖ਼ਬਰ ਦੇਣੀ ਚਾਹੀਦੀ ਹੈ?

**ਜਵਾਬ:**

**ਹਾਂ।** ਸਾਡੀ ਕੰਪਨੀ ਦੀ ਸਾਖ਼ ਸਾਡੇ ਉਤਪਾਦਾਂ ਦੀ ਕੁਆਲਿਟੀ ਅਤੇ ਸੁਰੱਖਿਆ ਕਰਕੇ ਬਣੀ ਹੈ। ਜੇ ਤੁਹਾਨੂੰ ਲੱਗਦਾ ਹੈ ਕਿ ਕੋਈ ਕੰਮ ਕੀਤੇ ਗਏ ਹਨ ਜਿਸ ਨਾਲ ਸਾਡੀ ਕੰਪਨੀ ਦੀ ਸਾਖ਼ ਮੰਦੀ ਹੋ ਸਕਦੀ ਹੈ ਜਾਂ ਸਾਡੇ ਗਾਹਕਾਂ ਜਾਂ ਖਪਤਕਾਰਾਂ ਉੱਤੇ ਮਾੜਾ ਅਸਰ ਪੈ ਸਕਦਾ ਹੈ ਤਾਂ ਤੁਹਾਨੂੰ ਆਪਣੇ ਪ੍ਰਬੰਧਕਾਂ ਅਤੇ EthicsLine ਨੂੰ ਤੁਰੰਤ ਖ਼ਬਰ ਦੇਣ ਦੀ ਲੋੜ ਹੈ।

ਵਿਗਿਆਪਨ ਉਤਪਾਦ ਦੇ ਚਿੱਤਰ ਨਾਲੋਂ ਵੱਧ ਸਿਰਜਦਾ ਹੈ। ਇਹ ਭਰੋਸੇਯੋਗਤਾ, ਨਿਰਭਰਤਾ ਅਤੇ ਵਿਸ਼ਵਸਨੀਯਤਾ ਲਈ ਸਾਡੀ ਸਾਖ਼ ਬਣਾਉਂਦਾ ਹੈ।

ਇਸ ਦੇ ਅਤਿਰਿਕਤ, ਅਸੀਂ ਮੀਡੀਆ ਦੀ ਚੋਣ ਵਿੱਚ ਦੇਖਭਾਲ ਵਰਤਦੇ ਹਾਂ ਜਿਸ ਵਿੱਚ ਸਾਡੇ ਵਿਗਿਆਪਨ ਸੰਦੇਸ਼ ਨਜ਼ਰ ਆਉਂਦੇ ਹਨ। ਅਸੀਂ ਅਜਿਹੇ ਟੀਵੀ ਪ੍ਰੋਗਰਾਮਾਂ ਉੱਤੇ ਜਾਂ ਹੋਰ ਮੀਡੀਆ ਵਿੱਚ ਵਿੱਚ ਆਪਣੇ ਵਿਗਿਆਪਨਾਂ ਨੂੰ ਦਿਖਾਈ ਨਹੀਂ ਦੇਣ ਦਿੰਦੇ ਜੋ ਬੇਲੋੜੀ ਜਾਂ ਗੈਰ-ਜ਼ਰੂਰੀ ਹਿੰਸਾ ਜਾਂ ਸੈਕਸ ਦੀ ਵਰਤੋਂ ਕਰਦੇ ਹਨ, ਸਮਾਜ-ਵਿਰੋਧੀ ਹੁੰਦੇ ਹਨ ਜਾਂ ਸਾਡੀ ਕੰਪਨੀ ਦੀ ਸਾਖ਼ ਜਾਂ ਉਤਪਾਦਾਂ ਨੂੰ ਪ੍ਰਤੀਕੂਲ ਤਰੀਕੇ ਨਾਲ ਪ੍ਰਭਾਵਿਤ ਕਰਦੇ ਹਨ।

ਅਸੀਂ ਵਿਗਿਆਪਨ, ਟ੍ਰੇਡਮਾਰਕ ਅਤੇ ਡਿਜ਼ਾਈਨ ਤਿਆਰ ਕਰਨ, ਵਰਤੋਂ ਕਰਨ ਅਤੇ ਉਸਦੀ ਚੋਣ ਕਰਨ ਵਿਚ ਵਪਾਰਕ ਨਿਰਪੱਖਤਾ ਦੇ ਮਿਆਰਾਂ ਦੀ ਪਾਲਣਾ ਕਰਦੇ ਹਾਂ, ਤਾਂ ਜੋ ਸਾਡੇ ਉਤਪਾਦ ਆਪਣੀ ਕੁਆਲਿਟੀ ਦੀ ਤਾਕਤ ਅਤੇ ਸਾਡੀ ਸਾਖ਼ ਕਰਕੇ ਕਾਮਯਾਬ ਹੋਣ, ਬਜਾਇ ਇਸਦੀ ਕਿ ਨਕਲ ਕਰੀਏ ਜਾਂ ਮੁਕਾਬਲੇਬਾਜ਼ਾ ਦੀ ਸਾਖ਼ 'ਤੇ ਵਪਾਰ ਕਰੀਏ। ਵਪਾਰਕ ਨਿਰਪੱਖਤਾ ਲਈ ਹੇਠਾਂ ਦਿੱਤਿਆਂ ਦੀ ਲੋੜ ਹੁੰਦੀ ਹੈ:

- ਟ੍ਰੇਡਮਾਰਕ ਦੀ ਉਲੰਘਣਾ ਅਤੇ ਅਨਉਚਿਤ ਮੁਕਾਬਲੇਬਾਜ਼ੀ ਨਾਲ ਸਬੰਧਿਤ ਸਥਾਨਕ ਕਾਨੂੰਨੀ ਲੋੜਾਂ ਦੀ ਸਖ਼ਤੀ ਨਾਲ ਪਾਲਣਾ।
- ਜਾਣੇ-ਪਛਾਣੇ ਟ੍ਰੇਡਮਾਰਕ, ਸਲੋਗਨਾਂ, ਵਿਗਿਆਪਨ ਦੇ ਵਿਸ਼ੇ ਅਤੇ ਬਹੁਰਾਸ਼ਟਰੀ ਕੰਪਨੀਆਂ ਅਤੇ ਪ੍ਰਦੇਸ਼ੀ ਮੁਕਾਬਲੇਬਾਜ਼ਾਂ ਵਲੋਂ ਵਰਤੇ ਜਾਣ ਵਾਲੇ ਗ੍ਰਾਫ਼ਿਕਸ ਦੀ ਨਕਲ ਤੋਂ ਬਚਣਾ।

ਕੋਲਗੇਟ ਨਾਲ ਕੰਮ ਕਰਨ ਵਾਲੇ ਲੋਕੀਂ ਵਿਗਿਆਪਨ ਉੱਤੇ ਕੰਪਨੀ ਦੀਆਂ ਸੇਧਾਂ ਦਾ ਹਵਾਲਾ ਲੈ ਕੇ ਵਧੀਕ ਜਾਣਕਾਰੀ ਹਾਸਲ ਕਰ ਸਕਦੇ ਹਨ, ਜੋ ourcolgate.com ਉੱਤੇ ਕੰਪਨੀ ਦੇ ਕਾਰੋਬਾਰੀ ਅਭਿਆਸ ਸੇਧਾਂ ਦੇ ਪਾਠ 14 ਵਿੱਚ ਮਿਲ ਸਕਦੀ ਹੈ।

# ਸਰਕਾਰ ਅਤੇ ਕਾਨੂੰਨ ਨਾਲ ਸਾਡਾ ਰਿਸ਼ਤਾ

*ਅਸੀਂ ਕੋਲਗੇਟ ਲਈ ਲਾਗੂ ਹੁੰਦੇ ਸਾਰੇ ਕਾਨੂੰਨਾਂ ਦੀ ਪਾਲਣਾ ਕਰਦੇ ਹਾਂ। ਇਹ ਸਾਡੀ ਨੀਤੀ ਹੈ ਕਿ ਕਾਨੂੰਨ ਦੇ ਇੰਨ-ਬਿੰਨ ਤੋਂ ਪਰੇ ਜਾ ਕੇ ਉਸੀ ਜਜ਼ਬੇ ਨਾਲ ਇਸ ਦੀ ਪਾਲਣਾ ਕਰੀਏ। ਜਦੋਂ ਵੀ ਤੁਹਾਨੂੰ ਕੋਈ ਸ਼ੱਕ ਹੋਵੇ, ਤਾਂ ਹਮੇਸ਼ਾ ਵਿਸ਼ਵ ਵਿਆਪੀ ਕਾਨੂੰਨੀ ਜਥੇਬੰਦੀ ਨਾਲ ਸਲਾਹ-ਮਸ਼ਵਰਾ ਕਰੋ।*

## ਅਸੀਂ ਸਾਰੇ ਲਾਗੂ ਕਾਨੂੰਨਾਂ ਦੀ ਪਾਲਣਾ ਕਰਦੇ ਹਾਂ

ਕੋਲਗੇਟ ਨਾਲ ਕੰਮ ਕਰਨ ਵਾਲੇ ਲੋਕਾਂ ਲਈ ਕੰਪਨੀ ਦੀਆਂ ਗਤੀਵਿਧੀਆਂ ਦਾ ਸੰਚਾਲਨ ਕਰਨਾ ਲਾਜ਼ਮੀ ਹੈ ਤਾਂ ਜੋ ਉਹਨਾਂ ਦੇਸ਼ਾਂ ਦੇ ਕਾਨੂੰਨਾਂ ਜਿੱਥੇ ਇਹ ਕੰਮ ਕਰਦੇ ਹਨ, ਨਾਲ ਹੀ ਕੰਪਨੀ ਦੇ ਕਾਰੋਬਾਰੀ ਅਭਿਆਸ ਸੇਧਾਂ, ਨੀਤੀਆਂ ਅਤੇ ਅਮਲਾਂ ਵਿੱਚ ਉਜਾਗਰ ਕੀਤੇ ਮੁਤਾਬਕ ਯੂਨਾਈਟਿਡ ਸਟੇਟਸ ਦੇ ਸਬੰਧਤ ਕਾਨੂੰਨਾਂ ਦੀ ਪੂਰੀ ਪਾਲਣਾ ਕੀਤਾ ਜਾਵੇ। ਇੱਕ ਨਿਯਮ ਵਜੋਂ, ਅਸੀਂ ਇੱਕ ਕੰਪਨੀ ਦੇ ਤੌਰ 'ਤੇ ਆਪਣੇ-ਆਪ ਨੂੰ ਸਭ ਤੋਂ ਉਚੇਰੇ ਲਾਗੂ ਮਿਆਰਾਂ ਤੱਕ ਚੁੱਕ ਕੇ ਰੱਖਦੇ ਹਾਂ। ਜੇ ਤੁਹਾਡਾ ਮੰਨਣਾ ਹੈ ਕਿ ਸਥਾਨਕ ਕਾਨੂੰਨ ਅਤੇ ਸਬੰਧਤ ਯੂ.ਐਸ. ਕਾਨੂੰਨ ਜਾਂ ਕੰਪਨੀ ਦੀ ਨੀਤੀ ਦੇ ਵਿੱਚਕਾਰ ਕੋਈ ਵਿਵਾਦ ਹੈ ਤਾਂ ਕਿਰਪਾ ਕਰਕੇ ਵਿਸ਼ਵ ਵਿਆਪੀ ਕਾਨੂੰਨੀ ਜੱਥੇਬੰਦੀ ਨਾਲ ਸਲਾਹ-ਮਸ਼ਵਰਾ ਕਰੋ।

## ਅਸੀਂ ਮੁਕਾਬਲੇਬਾਜ਼ੀ ਸਬੰਧੀ ਕਾਨੂੰਨਾਂ ਦੀ ਪਾਲਣਾ ਕਰਦੇ ਹਨ

ਕੋਲਗੇਟ ਅਤੇ ਪੂਰੀ ਦੁਨੀਆ ਵਿੱਚ ਇਸ ਦੇ ਮੁਲਾਜ਼ਮਾਂ ਨੂੰ ਮੁਕਾਬਲੇਬਾਜ਼ੀ ਸਬੰਧੀ ਕਾਨੂੰਨਾਂ (ਅਮਰੀਕਾ ਵਿਚ ਐਂਟੀ-ਟ੍ਰਸਟ ਕਾਨੂੰਨਾਂ ਵਜੋਂ ਜਾਣਿਆ ਜਾਂਦਾ ਹੈ) ਦੀ ਪੂਰੀ ਤਰ੍ਹਾਂ ਪਾਲਣਾ ਕਰਨੀ ਚਾਹੀਦੀ ਹੈ ਜੋ ਹਰ ਦੇਸ਼, ਪ੍ਰਦੇਸ਼ ਅਤੇ ਇਲਾਕੇ ਵਿੱਚ ਲਾਗੂ ਹੁੰਦੇ ਹਨ ਜਿੱਥੇ ਅਸੀਂ ਕਾਰੋਬਾਰ ਕਰਦੇ ਹਾਂ। ਇਹਨਾਂ ਕਾਨੂੰਨਾਂ ਦਾ ਉਦੇਸ਼ ਖਪਤਕਾਰਾਂ ਜਾਂ ਹੋਰ ਕੰਪਨੀਆਂ ਦੀ ਰਾਖੀ ਕਰਨਾ ਹੈ, ਇਹ ਯਕੀਨੀ ਬਣਾ ਕੇ ਕਿ ਕੰਪਨੀਆਂ ਘੱਟ ਕੀਮਤਾਂ, ਨਵੇਂ ਤੋਂ ਨਵੇਂ ਉਤਪਾਦਾਂ ਅਤੇ ਬਿਹਤਰ ਸੇਵਾ ਦੀ ਪੇਸ਼ਕਸ਼ ਨਾਲ ਨਿਰਪੱਖਤਾ ਨਾਲ ਮੁਕਾਬਲੇਬਾਜ਼ੀ ਕਰਦੀਆਂ ਹਨ ਅਤੇ ਕਿ ਕੰਪਨੀਆਂ ਸਪਲਾਈ ਅਤੇ ਮੰਗ ਦੀਆਂ ਬਜ਼ਾਰੀ ਤਾਕਤਾਂ ਵਿਚ ਦਖ਼ਲਅੰਦਾਜ਼ੀ ਨਹੀਂ ਕਰਦੀਆਂ। ਅਸਲ ਵਿੱਚ ਹਰ ਦੇਸ਼ ਨੇ ਮੁਕਾਬਲੇਬਾਜ਼ੀ ਸਬੰਧੀ ਕਾਨੂੰਨ ਬਣਾਏ ਹਨ। ਇਹ ਸਾਡੀ ਜ਼ਿੰਮੇਵਾਰੀ ਹੈ ਕਿ ਜਿਥੇ ਅਸੀਂ ਕਾਰੋਬਾਰ ਕਰ ਰਹੇ ਹਾਂ, ਉਥੋਂ ਦੇ ਲਾਗੂ ਹੁੰਦੇ ਮੁਕਾਬਲੇਬਾਜ਼ੀ ਸਬੰਧੀ ਕਾਨੂੰਨਾਂ ਨੂੰ ਸਮਝੀਏ ਅਤੇ ਲੋੜ ਪੈਣ 'ਤੇ ਵਿਸ਼ਵ ਵਿਆਪੀ ਕਾਨੂੰਨੀ ਜਥੇਬੰਦੀ ਤੋਂ ਸੇਧ ਲਈਏ।

ਦੁਨੀਆ ਭਰ ਵਿਚਲੇ ਮੁਕਾਬਲੇਬਾਜ਼ੀ ਸਬੰਧੀ ਕਾਨੂੰਨ ਮੁਕਾਬਲੇਬਾਜ਼ਾਂ ਦੇ ਵਿਚਕਾਰ ਮੁਕਾਬਲੇਬਾਜ ਨੂੰ ਨੁਕਸਾਨ ਪਹੁੰਚਾਉਣ ਦਾ ਪ੍ਰਭਾਵ ਪਾ ਸਕਣ ਵਾਲੇ ਕਿਸੇ ਸਮਝੌਤਿਆਂ 'ਤੇ ਪਾਬੰਦੀ ਲਾਉਂਦੇ ਹਨ। ਪਾਲਣਾ ਕਰਨ ਦਾ ਤਰੀਕਾ ਸੁਤੰਤਰਤਾ ਹੈ। ਕੋਲਗੇਟ ਨੂੰ ਆਪਣੀਆਂ ਹੇਠ ਲਿਖੀਆਂ ਕਾਰੋਬਾਰੀ ਸਰਗਰਮੀਆਂ ਵਿੱਚ ਸੁਤੰਤਰਤਾ ਨਾਲ ਕੰਮ ਕਰਨਾ ਚਾਹੀਦਾ ਹੈ:

- ਕੀਮਤਾਂ ਤੈਅ ਕਰਨਾ
- ਡਿਸਕਾਊਂਟ ਜਾਂ ਪਰਮੋਸ਼ਨ
- ਖਰੀਦ ਅਤੇ ਵਿਕਰੀ ਦੀਆਂ ਸ਼ਰਤਾਂ
- ਗਾਹਕਾਂ, ਡਿਸਟ੍ਰੀਬਿਊਟਰਾਂ ਜਾਂ ਸਪਲਾਇਰਾਂ ਦੀ ਚੋਣ ਕਰਨਾ
- ਉਤਪਾਦਨ ਲਈ ਉਤਪਾਦਾਂ ਦੀ ਚੋਣ ਕਰਨਾ ਅਤੇ ਇਹ ਕਿ ਕਿੰਨੀ ਵਿਕਰੀ ਕੀਤੀ ਜਾਏ

ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਇੱਕ ਨਾਜਾਇਜ਼ ਸਮਝੌਤਾ, ਇੱਕ ਰਸਮੀ ਦਸਤਾਵੇਜ਼ ਵਿੱਚ ਹੋਣਾ ਅਤੇ ਇਥੋਂ ਤੱਕ ਕਿ ਲਿਖਤ ਵਿਚ ਹੋਣਾ ਵੀ ਜ਼ਰੂਰੀ ਨਹੀਂ ਹੁੰਦਾ। ਇਹ ਇੱਕ ਜ਼ਬਾਨੀ ਸਮਝੌਤਾ ਹੋ ਸਕਦਾ ਹੈ ਜਾਂ ਬੱਸ ਕਾਰੋਬਾਰੀ ਵਿਹਾਰ ਦੇ ਕ੍ਰਮ ਜਾਂ ਇਤਫ਼ਾਕੀਆ ਟਿੱਪਣੀਆਂ ਤੋਂ ਸਮਝਿਆ ਜਾ ਸਕਦਾ ਹੈ। ਇੱਕ ਸਮਝੌਤੇ ਦੇ ਗੈਰ-ਕਾਨੂੰਨੀ ਹੋਣ ਲਈ ਇਸ ਨੂੰ ਸਫਲਤਾ ਨਾਲ ਲਾਗੂ ਵੀ ਨਹੀਂ ਕਰਨਾ ਹੁੰਦਾ।

ਕੰਪਨੀਆਂ ਦੀ ਸੁਤੰਤਰਤਾ ਪ੍ਰਭਾਵਿਤ ਹੋ ਸਕਦੀ ਹੈ, ਅਤੇ ਇੱਕ ਗੈਰ-ਕਾਨੂੰਨੀ ਸਮਝੌਤੇ ਦਾ ਅਨੁਮਾਨ ਲਗਾਇਆ ਜਾ ਸਕਦਾ ਹੈ, ਜਦੋਂ ਮੁਕਾਬਲੇਬਾਜ਼ ਵਰਤਮਾਨ ਜਾਂ ਭਵਿੱਖੀ ਕਾਰੋਬਰੀ ਯੋਜਨਾਵਾਂ (ਉਦਾਹਰਣ ਲਈ, ਕੀਮਤ ਵਿੱਚ ਯੋਜਨਾਬੱਧ ਵਾਧਾ, ਸਪਲਾਇਰਾਂ ਵਲੋਂ ਲਗਾਈਆਂ ਗਈਆਂ ਕੀਮਤਾਂ, ਨਵੇਂ ਉਤਪਾਦ ਲਾਂਚ ਕਰਨਾ ਆਦਿ) ਬਾਰੇ ਗੁਪਤ ਜਾਂ ਗੈਰ-ਸਰਵਜਨਿਕ ਜਾਣਕਾਰੀ ਨੂੰ ਸਾਂਝਾ ਕਰਦੇ ਜਾਂ ਪ੍ਰਾਪਤ ਕਰਦੇ ਹਨ। ਇਸ ਨੂੰ ਵਪਾਰ ਸਭਾ ਸਰਬੇਖਣਾਂ ਅਤੇ ਮੀਟਿੰਗਾਂ ਦੌਰਾਨ ਖਾਸ ਤੌਰ 'ਤੇ ਚੇਤੇ ਰੱਖਣਾ ਜ਼ਰੂਰੀ ਹੈ। ਸਾਧਾਰਨ ਤੌਰ 'ਤੇ, ਤੁਹਾਨੂੰ ਕਿਸੇ ਮੀਟਿੰਗ ਵਿੱਚ ਭਾਗੀਦਾਰੀ ਕਰਨ ਤੋਂ ਪਹਿਲਾਂ ਵਿਸ਼ਵ ਵਿਆਪੀ ਕਾਨੂੰਨੀ ਜੱਥੇਬੰਦੀ ਤੋਂ ਮਨਜ਼ੂਰੀ ਜ਼ਰੂਰ ਲੈਣੀ ਚਾਹੀਦੀ ਹੈ, ਜਿੱਥੇ ਇਕ ਮੁਕਾਬਲੇਬਾਜ਼ ਮੌਜੂਦ ਹੋ ਸਕਦਾ ਹੈ। ਤੁਹਾਨੂੰ ਕਦੇ ਵੀ ਮੁਕਾਬਲੇਬਾਜ਼ਾਂ ਦੇ ਨਾਲ ਕੰਪਨੀ ਦੀ ਗੁਪਤ ਜਾਣਕਾਰੀ ਨੂੰ ਸਾਂਝਾ ਨਹੀਂ ਕਰਨਾ ਚਾਹੀਦਾ। ਜੇ ਤੁਸੀਂ ਇੱਕ ਮੁਕਾਬਲੇਬਾਜ਼ ਬਾਰੇ ਜਾਣਕਾਰੀ ਪ੍ਰਾਪਤ ਕਰਦੇ ਹੋ ਜੋ ਤੁਸੀਂ ਮੰਨਦੇ ਹੋ ਗੁਪਤ ਹੋ ਸਕਦੀ ਹੈ, ਤਾਂ ਤੁਹਾਨੂੰ ਤੁਰੰਤ ਵਿਸ਼ਵ ਵਿਆਪੀ ਕਾਨੂੰਨੀ ਜੱਥੇਬੰਦੀ ਨੂੰ ਖ਼ਬਰ ਦੇਣੀ ਚਾਹੀਦੀ ਹੈ। ਤੁਹਾਨੂੰ ਪਹਿਲਾਂ ਕਾਨੂੰਨੀ ਮਨਜ਼ੂਰੀ ਪ੍ਰਾਪਤ ਕੀਤੇ ਬਿਨਾਂ ਇਹ ਜਾਣਕਾਰੀ ਲਾਜ਼ਮੀ ਤੌਰ 'ਤੇ ਵਰਤਣੀ ਜਾਂ ਸਾਂਝੀ ਨਹੀਂ ਕਰਨੀ ਚਾਹੀਦੀ।

ਮੁਕਾਬਲੇਬਾਜ਼ੀ ਦੇ ਕਾਨੂੰਨ ਪ੍ਰਭਾਵੀ ਕੰਪਨੀਆਂ ਦੁਆਰਾ ਲੁੱਟਮਾਰ ਵਾਲੇ ਜਾਂ ਤਰਫ਼ਦਾਰੀ ਕੰਮਾਂ ਦੇ ਖਿਲਾਫ਼ ਵੀ ਰਾਖੀ ਕਰਦੇ ਹਨ, ਤਾਂ ਜੋ ਯਕੀਨੀ ਬਣਾਇਆ ਜਾਵੇ ਕਿ ਮੁਕਾਬਲੇਬਾਜ਼ੀ ਖੇਡਣ ਵਾਲਾ ਮੈਦਾਨ ਖੁੱਲ੍ਹਾ ਅਤੇ ਨਿਰਪੱਖ ਹੈ। ਜਿਹੜੇ ਕੰਮ, ਜੇ ਗੈਰ-ਪ੍ਰਭਾਵੀ ਕੰਪਨੀਆਂ ਦੁਆਰਾ ਕੀਤੇ ਜਾਣ 'ਤੇ ਕਾਨੂੰਨੀ ਹੋਣਗੇ, ਪਰ ਜੇ ਪ੍ਰਭਾਵੀ ਖਿਡਾਰੀਆਂ ਦੁਆਰਾ ਕੀਤੇ ਜਾਣ ਤਾਂ ਗੈਰ-ਕਾਨੂੰਨੀ ਮੰਨੇ ਜਾ ਸਕਦੇ ਹਨ। ਜਿਹੜੇ ਦੇਸ਼ਾਂ ਵਿੱਚ ਕੋਲਗੇਟ ਦਾ ਬਹੁਤ ਤਕੜਾ ਬਜ਼ਾਰੀ ਹਿੱਸਾ ਹੈ, ਤੁਹਾਨੂੰ ਆਪਣੇ ਸਥਾਨਕ ਕਾਨੂੰਨੀ ਨੁਮਾਇੰਦ ਨੂੰ ਲਾਜ਼ਮੀ ਤੌਰ 'ਤੇ ਪੁੱਛਣਾ ਚਾਹੀਦਾ ਹੈ, ਤਾਂ ਜੋ ਯਕੀਨੀ ਬਣਾਇਆ ਜਾਵੇ ਕਿ ਕਲਪਨਾ ਕੀਤੇ ਕੁਝ ਕੰਮ (ਉਦਾਹਰਣ ਲਈ, ਇਕ ਵਿਸ਼ੇਸ਼ ਡਿਸਕਾਊਂਟ ਨਿਤੀ ਜਾਂ ਵੇਚਣ ਦੀ ਮਨਾਹੀ) ਇਕ ਪ੍ਰਭਾਵੀ ਸਥਿਤੀ ਦੀ ਦੁਰਵਰਤੋਂ ਨਹੀਂ ਮੰਨੇ ਜਾਣਗੇ।

ਮੁਕਾਬਲੇਬਾਜ਼ੀ ਦੇ ਕਾਨੂੰਨ ਸਪਲਾਇਰਾਂ ਅਤੇ ਉਹਨਾਂ ਦੇ ਗਾਹਕਾਂ ਅਤੇ ਡਿਸਟ੍ਰੀਬਿਊਟਰਾਂ ਦੇ ਵਿੱਚਕਾਰ ਰਿਸ਼ਤਿਆਂ ਤੇ ਕੁਝ ਬੰਦਸ਼ਾਂ ਵੀ ਲਗਾਉਂਦੇ ਹਨ। ਜ਼ਿਆਦਾਤਰ ਦੇਸ਼ਾਂ ਵਿੱਚ, ਕੀਮਤਾਂ ਜਾਂ ਵਿਕਰੀ ਦੇ ਨਿਯਮਾਂ ਅਤੇ ਸ਼ਰਤਾਂ ਨੂੰ ਤੈਅ ਕਰਨ ਲਈ ਗਾਹਕਾਂ ਜਾਂ ਡਿਸਟ੍ਰੀਬਿਊਟਰਾਂ ਨੂੰ ਉਹਨਾਂ ਦੀ ਸੁਤੰਤਰਤਾ ਤੋਂ ਵਾਂਝੇ ਕਰਨਾ, ਜਾਂ ਸੁਤੰਤਰਤਾ ਨਾਲ ਕੰਮ ਕਰਨ ਲਈ ਉਹਨਾਂ ਦੇ ਅਧਿਕਾਰਾਂ ਨੂੰ ਸੀਮਿਤ ਕਰਨਾ, ਮੁਕਾਬਲੇਬਾਜ਼ੀ ਦੇ ਕਾਨੂੰਨਾਂ ਦੀ ਉਲੰਘਣਾ ਕਰਦਾ ਹੈ। ਸਾਡੇ ਗਾਹਕਾਂ ਲਈ ਇਸ ਗੱਲ ਉੱਤੇ ਜ਼ੋਰ ਦੇਣਾ ਮਹੱਤਵਪੂਰਣ ਹੈ ਕਿ ਸਾਡੀਆਂ "ਸਿਫਾਰਿਸ਼ ਕੀਤੀਆਂ ਰੀਟੇਲ (ਜਾਂ ਰੀਸੇਲ) ਵਿਕਰੀ ਕੀਮਤਾਂ" ਤਾਂ ਬੱਸ - ਸਿਫਾਰਿਸ਼ੀ ਹੀ ਹਨ। ਗਾਹਕ ਹਮੇਸ਼ਾ ਆਪਣੀ ਚੁਣੀ ਗਈ ਕਿਸੇ ਵੀ ਕੀਮਤ ਉੱਤੇ ਵੇਚਣ ਲਈ ਮੁਕਤ ਹੁੰਦੇ ਹਨ।

ਮੁਕਾਬਲੇਬਾਜ਼ੀ ਦੇ ਕਾਨੂਨਾਂ ਦੀ ਉਲੰਘਣਾ ਕਰਨ ਦੇ ਨਤੀਜੇ ਬੇਹੱਦ ਗੰਭੀਰ ਹੁੰਦੇ ਹਨ ਅਤੇ ਉਨ੍ਹਾਂ ਦਾ ਨਤੀਜਾ ਕੰਪਨੀਆਂ ਲਈ ਵੱਡੇ ਜੁਰਮਾਨੇ ਅਤੇ ਕਿਸੇ ਸ਼ਾਮਲ ਵਿਅਕਤੀਆਂ ਲਈ ਪੈਨਲਟੀਆਂ (ਕੈਦ ਸਮੇਤ) ਹੋ ਸਕਦਾ ਹੈ। ਮੁਕਾਬਲੇਬਾਜ਼ੀ ਨੂੰ ਰੋਕਣ ਵਾਲੇ ਸੰਭਾਵੀ ਵਿਹਾਰ ਵਿੱਚ ਜਾਂਚ ਵੀ ਅਹਿਮ ਸਾਖ਼-ਸਬੰਧੀ ਨੁਕਸਾਨ ਅਤੇ ਕਾਰੋਬਾਰ ਦੇ ਵਿਨਾਸ਼ ਦਾ ਕਾਰਨ ਬਣ ਸਕਦੀ ਹੈ।

ਜੇ ਤੁਹਾਨੂੰ ਕੋਈ ਸ਼ੱਕ ਹੈ ਕਿ ਕੀ ਕਲਪਨਾ ਕੀਤੇ ਜਾਣ ਵਾਲੇ ਕੰਮ ਕਰਕੇ ਮੁਕਾਬਲੇਬਾਜ਼ੀ ਸਬੰਧੀ ਕਾਨੂੰਨਾਂ ਹੇਠ ਮੁੱਦੇ ਉੱਠ ਸਕਦੇ ਹਨ ਤਾਂ ਤੁਹਾਨੂੰ ਵਿਸ਼ਵ ਵਿਆਪੀ ਕਾਨੂੰਨੀ ਜੱਥੇਬੰਦੀ ਨਾਲ ਸਲਾਹ-ਮਸ਼ਵਰਾ ਕਰਨਾ ਚਾਹੀਦਾ ਹੈ।

ਕੋਲਗੇਟ ਨਾਲ ਕੰਮ ਕਰਨ ਵਾਲੇ ਲੋਕੀਂ ਅੰਤਰਰਾਸ਼ਟਰੀ ਮੁਕਾਬਲੇਬਾਜ਼ੀ ਉੱਤੇ ਕੰਪਨੀ ਦੀਆਂ ਸੇਧਾਂ ਦਾ ਹਵਾਲਾ ਲੈ ਕੇ ਵਧੀਕ ਜਾਣਕਾਰੀ ਹਾਸਲ ਕਰ ਸਕਦੇ ਹਨ, ਜੋ ourcolgate.com ਉੱਤੇ ਕੰਪਨੀ ਦੇ ਕਾਰੋਬਾਰੀ ਅਭਿਆਸ ਸੇਧਾਂ ਦੇ ਪਾਠ 6 ਵਿੱਚ ਮਿਲ ਸਕਦੀ ਹੈ।

**ਸਵਾਲ:**

ਇੱਕ ਕਾਰੋਬਾਰੀ ਸੰਪਰਕ ਨੇ ਮੈਨੂੰ ਇੱਕ ਮੀਟਿੰਗ ਬਾਰੇ ਦੱਸਿਆ ਜੋ ਦੰਦਾਂ-ਸਬੰਧੀ ਸੰਮੇਲਨ ਦੇ ਦੌਰਾਨ ਸਾਡੇ ਇਕ ਸਿੱਧੇ ਮੁਕਾਬਲੇਬਾਜ਼ ਦੁਆਰਾ ਕੀਤਾ ਜਾ ਰਹੀ ਹੈ। ਮੈਂ ਉਹਨਾਂ ਦੀ ਮੀਟਿੰਗ 'ਤੇ ਹਾਜ਼ਰ ਹੋਣਾ ਚਾਹਵਾਂਗਾ/ਚਾਹਵਾਂਗੀ, ਪਰ ਮੈਨੂੰ ਡਰ ਹੈ ਕਿ ਉਹ ਮੈਨੂੰ ਅੰਦਰ ਨਹੀਂ ਆਉਣ ਦੇਣਗੇ ਜੇ ਉਹਨਾਂ ਨੂੰ ਪਤਾ ਲੱਗੇ ਕਿ ਮੈਂ ਇਕ ਮੁਕਾਬਲੇਬਾਜ਼ ਕੰਪਨੀ ਤੋਂ ਹਾਂ। ਕੀ ਮੈਂ ਹਾਜ਼ਰ ਹੋ ਸਕਦਾ/ਸਕਦੀ ਹਾਂ ਜਦੋਂ ਤੱਕ ਕਿ ਮੈਂ ਆਪਣੀ ਪਛਾਣ ਨੂੰ ਗੁਪਤ ਰੱਖਾਂ?

**ਜਵਾਬ:**

**ਨਹੀਂ।** ਇੱਕ ਮੁਕਾਬਲੇਬਾਜ਼ ਤੋਂ ਜਾਣਕਾਰੀ ਦਾ ਫ਼ਾਇਦਾ ਲੈਣ ਲਈ ਆਪਣੀ ਪਛਾਣ ਨੂੰ ਲੁਕਾਉਣਾ ਕਦੇ ਵੀ ਸਹੀ ਗੱਲ ਨਹੀਂ ਹੁੰਦੀ। ਤੁਹਾਨੂੰ ਇੱਕ ਮੁਕਾਬਲੇਬਾਜ਼ ਦੇ ਨਾਲ ਕਿਸੇ ਮੀਟਿੰਗ 'ਤੇ ਹਾਜ਼ਰ ਹੋਣ ਤੋਂ ਪਹਿਲਾਂ ਵਿਸ਼ਵ ਵਿਆਪੀ ਕਾਨੂੰਨੀ ਜੱਥੇਬੰਦੀ ਨਾਲ ਵੀ ਸਲਾਹ-ਮਸ਼ਵਰਾ ਕਰਨਾ ਚਾਹੀਦਾ ਹੈ, ਕਿਉਂਕਿ ਅਜਿਹੀਆਂ ਮੀਟਿੰਗਾਂ ਬੇਵਿਸ਼ਵਾਸੀ ਚਿੰਤਾਵਾਂ ਪੈਦਾ ਕਰ ਸਕਦੀਆਂ ਹਨ।

## ਅਸੀਂ ਸਿਕਿਓਰਟੀਆਂ ਸਬੰਧੀ ਕਾਨੂੰਨਾਂ ਦੀ ਪਾਲਣਾ ਕਰਦੇ ਹਾਂ

ਕਿਸੇ ਮੌਕੇ 'ਤੇ ਤੁਹਾਡੇ ਕੋਲ ਕੋਲਗੇਟ ਜਾਂ ਹੋਰ ਸਾਰਵਜਨਿਕ ਤੌਰ 'ਤੇ ਵਪਾਰ ਕਰਨ ਵਾਲੀਆਂ ਕੰਪਨੀਆਂ ਬਾਰੇ ਜਾਣਕਾਰੀ ਤੱਕ ਪਹੁੰਚ ਹੋ ਸਕਦੀ ਹੈ, ਜਿਹਨਾਂ ਨਾਲ ਕੋਲਗੇਟ ਕਾਰੋਬਾਰ ਕਰਦੀ ਹੈ ਜਾਂ ਗੱਲਬਾਤ ਕਰ ਰਹੀ ਹੈ, ਜਿਸ ਬਾਰੇ ਸਾਰਵਜਨਿਕ ("ਗ਼ੈਰ- ਸਾਰਵਜਨਿਕ ਜਾਣਕਾਰੀ") ਤੌਰ 'ਤੇ ਪਤਾ ਨਹੀਂ ਹੈ - ਜਿਵੇ ਕਿ ਮਾਲੀ ਜਾਂ ਕਾਰਵਾਈ ਦੇ ਨਤੀਜੇ, ਸੰਭਵ ਤੌਰ 'ਤੇ ਮਰਜਰ ਜਾਂ ਪ੍ਰਾਪਤੀਆਂ, ਛੱਡਣਾ ਜਾਂ ਰਕਮਾਂ ਦੇਣਾ, ਮਾਰਕੀਟਿੰਗ ਦੀਆਂ ਯੋਜਨਾਵਾਂ ਜਾਂ ਨਵੇਂ ਉਤਪਾਦਾਂ ਦੀ ਸ਼ੁਰੂਆਤ ਕਰਨਾ।

ਜਾਣਕਾਰੀ ਉਸ ਵੇਲੇ ਤੱਕ ਗ਼ੈਰ- ਸਾਰਵਜਨਿਕ ਮੰਨੀ ਜਾਂਦੀ ਹੈ ਜਦ ਤੱਕ ਕਿ ਸਾਰਵਜਨਿਕਤੌਰ 'ਤੇ ਉਸਦਾ ਪੂਰੀ ਤਰ੍ਹਾਂ ਖ਼ੁਲਾਸਾ ਨਹੀਂ ਕੀਤਾ ਜਾਂਦਾ - ਦੂਜੇ ਸ਼ਬਦਾਂ ਵਿੱਚ, ਜਦੋਂ ਤੱਕ ਜਾਣਕਾਰੀ ਵੱਡੇ ਪੈਮਾਨੇ 'ਤੇ ਪ੍ਰਚਾਰੀ ਗਈ ਹੋਵੇ ਅਤੇ ਜਾਣਕਾਰੀ ਵੱਲ ਪ੍ਰਤੀਕਿਰਿਆ ਕਰਨ ਲਈ ਸਿਕਿਓਰਟੀਆਂ ਦੇ ਬਜ਼ਾਰ ਵਲੋਂ ਢੁਕਵਾਂ ਸਮਾਂ ਪੁੱਗ ਗਿਆ ਹੋਵੇ। ਜੇ ਇਹ ਗ਼ੈਰ- ਸਾਰਵਜਨਿਕ ਜਾਣਕਾਰੀ "ਸਮਗ੍ਰੀ" ਮੰਨੀ ਜਾ ਸਕਦੀ ਹੋਵੇ -- ਯਾਨਿ ਅਜਿਹੀ ਜਾਣਕਾਰੀ, ਜਿਸ ਬਾਰੇ ਇਕ ਸਮਝਦਾਰ ਨਿਵੇਸ਼ਕ ਵਲੋਂ ਨਿਵੇਸ਼ ਕਰਨ ਦਾ ਫ਼ੈਸਲਾ ਲੈਣ ਬਾਰੇ ਵਿਚਾਰ ਕੀਤਾ ਜਾਏਗਾ - ਤਾਂ ਤੁਹਾਨੂੰ ਲਾਜ਼ਮੀ ਤੌਰ 'ਤੇ ਸਿਕਿਓਰਟੀਆਂ ਬਾਰੇ ਹੇਠ ਲਿਖੇ ਕਾਨੂੰਨਾਂ ਅਤੇ ਕੰਪਨੀ ਦੀ ਨੀਤੀ ਦੀ ਪਾਲਣਾ ਕਰਨੀ ਚਾਹੀਦੀ ਹੈ:

- ਤੁਹਾਨੂੰ ਆਪਣੇ ਖ਼ੁਦ ਦੇ ਖ਼ਾਤੇ ਲਈ ਜਾਂ ਕਿਸੇ ਹੋਰ ਵਿਅਕਤੀ ਦੇ ਖ਼ਾਤੇ ਲਈ ਅਜਿਹੀ ਫ਼ਰਮ (ਕੋਲਗੇਟ ਜਾਂ ਹੋਰ) ਦੇ ਸ਼ੇਅਰ, ਬਾਂਡ ਜਾਂ ਹੋਰਨਾਂ ਸਿਕਿਓਰਟੀਆਂ ਵਿਚ ਵਪਾਰ ਨਹੀਂ ਕਰਨਾ ਚਾਹੀਦਾ, ਜਿਸ ਨਾਲ ਗ਼ੈਰ- ਸਾਰਵਜਨਿਕ ਜਾਣਕਾਰੀ ਦਾ ਸਬੰਧ ਹੋਵੇ;
- ਇਸ ਤਰ੍ਹਾਂ ਦੀ ਗ਼ੈਰ- ਸਾਰਵਜਨਿਕ ਜਾਣਕਾਰੀ ਦੇ ਅਧਾਰ 'ਤੇ ਤੁਹਾਨੂੰ ਅਜਿਹੀਆਂ ਫ਼ਰਮਾਂ ਦੀਆਂ ਸਿਕਿਓਰਟੀਆਂ ਦੇ ਸ਼ੇਅਰ, ਬਾਂਡ ਜਾਂ ਹੋਰਨਾਂ ਸਿਕਿਓਰਟੀਆਂ ਦੇ ਲੈਣ-ਦੇਣ ਲਈ ਦੂਜਿਆਂ ਨੂੰ ਉਤਸਾਹਿਤ ਕਰਨਾ ਜਾਂ ਪ੍ਰੇਰਣਾ ਨਹੀਂ ਚਾਹੀਦਾ;
- ਤੁਹਾਨੂੰ ਕੋਲਗੇਟ ਤੋਂ ਬਾਹਰੀ ਲੋਕਾਂ ਨਾਲ ਅਜਿਹੀ ਗ਼ੈਰ- ਸਾਰਵਜਨਿਕ ਜਾਣਕਾਰੀ ਦਾ ਖ਼ੁਲਾਸਾ ਲਾਜ਼ਮੀ ਤੌਰ 'ਤੇ ਨਹੀਂ ਕਰਨਾ ਚਾਹੀਦਾ; ਅਤੇ
- ਤੁਹਾਨੂੰ ਕੋਲਗੇਟ ਦੇ ਅੰਦਰ ਕੰਮ ਕਰਨ ਵਾਲੇ ਲੋਕਾਂ ਨਾਲ ਅਜਿਹੀ ਗ਼ੈਰ- ਸਾਰਵਜਨਿਕ ਜਾਣਕਾਰੀ ਬਾਰੇ ਗੱਲਬਾਤ ਨਹੀਂ ਕਰਨੀ ਚਾਹੀਦੀ, ਜਦ ਤੱਕ ਕਿ ਉਹਨਾਂ ਲਈ ਇਸ ਜਾਣਕਾਰੀ ਬਾਰੇ ਜਾਣਨਾ ਜ਼ਰੂਰੀ ਨਾ ਹੋਵੇ।

ਦੂਜੇ ਸ਼ਬਦਾਂ ਵਿੱਚ, ਤੁਸੀਂ ਕਿਸੇ ਸਕਿਓਰਿਟੀਆਂ ਜਾਂ ਨਿਵੇਸ਼ ਸੰਬੰਧੀ ਲੈਣ-ਦੇਣ ਵਿੱਚ ਆਪਣੇ ਜਾਂ ਦੂਜਿਆਂ ਦੇ ਫਾਇਦੇ ਲਈ ਕੋਲਗੇਟ ਦੇ ਨਾਲ ਆਪਣੇ ਰੋਜ਼ਗਾਰ ਦੁਆਰਾ ਪਤਾ ਲਗਾਈ ਕਿਸੇ ਗੈਰ- ਸਾਰਵਜਨਿਕ ਜਾਣਕਾਰੀ ਦੀ ਵਰਤੋਂ ਨਹੀਂ ਕਰ ਸਕਦੇ।

ਜੇ ਤੁਹਾਨੂੰ ਕੋਲਗੇਟ ਵਿਖੇ ਆਪਣੇ ਕੰਮ ਦੁਆਰਾ ਕਿਸੇ ਗੈਰ- ਸਾਰਵਜਨਿਕ ਜਾਣਕਾਰੀ ਦਾ ਪਤਾ ਲੱਗਦਾ ਹੈ ਤਾਂ ਤੁਹਾਨੂੰ ਜਾਣਕਾਰੀ ਗੁਪਤ ਰੱਖਣ ਲਈ ਧਿਆਨ ਰੱਖਣਾ ਚਾਹੀਦਾ ਹੈ, ਅਤੇ ਤੁਹਾਨੂੰ ਕੋਲਗੇਟ ਦੀਆਂ ਸਕਿਓਰੀਟੀਆਂ ਜਾਂ ਕਿਸੇ ਹੋਰ ਪ੍ਰਭਾਵਿਤ ਕੰਪਨੀਆਂ ਵਿੱਚ ਕੋਈ ਵਪਾਰ ਲਾਜ਼ਮੀ ਤੌਰ 'ਤੇ ਨਹੀਂ ਕਰਨੇ ਚਾਹੀਦੇ (ਜਾਂ ਕਿਸੇ ਹੋਰ ਨੂੰ ਕੋਈ ਵਪਾਰ ਕਰਨ ਦੀ ਸਲਾਹ ਨਹੀਂ ਦੇਣੀ ਚਾਹੀਦੀ), ਜਦੋਂ ਤੱਕ ਜਾਣਕਾਰੀ ਜਨਤਾ ਨੂੰ ਘੋਸ਼ਿਤ ਕਰਨ ਦੇ ਬਾਅਦ ਮੁਨਾਸਬ ਸਮੇਂ ਦੀ ਮਿਆਦ ਲੰਘ ਨਾ ਜਾਵੇ। ਅਜਿਹੀ ਮਨਾਹੀ ਦੇ ਅੰਦਰ ਸ਼ੇਅਰ ਵਿਕਲਪਾਂ ਬਾਰੇ ਅਮਲ ਕਰਨ ਅਤੇ ਨਿਵੇਸ਼ ਕਰਨ ਲਈ ਫ਼ੈਸਲਾ ਲੈਣ ਜਾਂ ਕੰਪਨੀ ਦੀ ਲਾਭ ਯੋਜਨਾ ਵਿਚ ਕੋਲਗੇਟ ਦੇ ਸ਼ੇਅਰਾਂ ਦੇ ਨਿਪਟਾਰੇ ਬਾਰੇ ਵੀ ਹੈ।

ਜੇ ਤੁਸੀਂ ਕੋਲਗੇਟ ਛੱਡਕੇ ਜਾਂਦੇ ਹੋ, ਤਾਂ ਵੀ ਅਜਿਹੀ ਗ਼ੈਰ- ਸਾਰਵਜਨਿਕ ਜਾਣਕਾਰੀ ਬਾਰੇ ਰਾਜ਼ਦਾਰੀ ਬਣਾਈ ਰੱਖਣ ਸਬੰਧੀ ਤੁਹਾਡੀ ਜ਼ਿੰਮੇਵਾਰੀ ਬਣੀ ਰਹੇਗੀ, ਜਦ ਤੱਕ ਕਿ ਉਸ ਜਾਣਕਾਰੀ ਦਾ ਸਾਰਵਜਨਿਕ ਢੰਗ ਨਾਲ ਢੁਕਵੇਂ ਤਰੀਕੇ ਨਾਲ ਖ਼ੁਲਾਸਾ ਨਹੀਂ ਕੀਤਾ ਜਾਂਦਾ।

ਕੀ ਜਾਣਕਾਰੀ "ਸਮਗ੍ਰੀ" ਹੈ ਜਾਂ ਇਸਦਾ ਉਚਿਤ ਤਰੀਕੇ ਨਾਲ ਸਾਰਵਜਨਿਕ ਤੌਰ 'ਤੇ ਖ਼ੁਲਾਸਾ ਕੀਤਾ ਗਿਆ ਹੈ ਜਾਂ ਨਹੀਂ, ਬਾਰੇ, ਜੇ ਤੁਹਾਡੇ ਕੋਈ ਸਵਾਲ ਹਨ, ਤਾਂ ਤੁਹਾਨੂੰ ਵਿਸ਼ਵ ਵਿਆਪੀ ਕਾਨੂੰਨੀ ਜਥੇਬੰਦੀ ਨਾਲ ਲਾਜ਼ਮੀ ਤੌਰ 'ਤੇ ਸੰਪਰਕ ਕਰਨਾ ਚਾਹੀਦਾ ਹੈ ਅਤੇ ਪ੍ਰਭਾਵਿਤ ਸਿਕਿਓਰਟੀਆਂ ਵਿੱਚ ਵਪਾਰ ਕਰਨ ਜਾਂ ਜਾਣਕਾਰੀ ਦਾ ਖ਼ੁਲਾਸਾ ਕਰਨ ਤੋਂ ਲਾਜ਼ਮੀ ਤੌਰ 'ਤੇ ਬਚਣਾ ਚਾਹੀਦਾ ਹੈ, ਜਦ ਤੱਕ ਕਿ ਤੁਹਾਨੂੰ ਕਾਨੂੰਨੀ ਮਨਜ਼ੂਰੀ ਨਹੀਂ ਮਿਲ ਗਈ ਹੈ।

**ਸਵਾਲ:**

ਮੈਨੂੰ ਪਤਾ ਹੈ ਕਿ ਮੈਂ ਅੰਦਰੂਨੀ ਜਾਣਕਾਰੀ ਦੇ ਅਧਾਰ 'ਤੇ ਕੰਪਨੀ ਦੇ ਸ਼ੇਅਰ ਨਹੀਂ ਖ਼ਰੀਦ ਸਕਦਾ/ਸਕਦੀ ਜਾਂ ਵੇਚ ਸਕਦਾ/ਸਕਦੀ, ਪਰ ਕੀ ਮੈਂ ਇੰਜ ਕਰਨ ਲਈ ਪਰਿਵਾਰ ਦੇ ਮੈਂਬਰ ਜਾਂ ਦੋਸਤ/ਸਹੇਲੀ ਨੂੰ ਸਲਾਹ ਦੇ ਸਕਦਾ/ਸਕਦੀ ਹਾਂ?

**ਜਵਾਬ:**

**ਨਹੀਂ।** ਤੁਸੀਂ ਅੰਦਰੂਨੀ ਵਪਾਰ ਸਬੰਧੀ ਕਾਨੂੰਨਾਂ ਦੀ ਉਲੰਘਣਾ ਕਰ ਰਹੇ ਹੋਵੋਗੇ ਜਿਵੇਂ ਜੇ ਤੁਸੀਂ ਆਪ ਆਪਣੇ ਲਈ ਸ਼ੇਅਰ ਖ਼ਰੀਦ ਰਹੇ ਸੀ।। ਇਸ ਤੋਂ ਅਲਾਵਾ ਉਹ ਵਿਅਕਤੀ, ਜਿਸ ਨੂੰ ਤੁਸੀਂ ਸਲਾਹ ਦਿੱਤੀ ਹੈ, ਉਹ ਵੀ ਕਾਨੂੰਨ ਦੀ ਉਲੰਘਣਾ ਕਰਨ ਰਿਹਾ ਹੋ ਸਕਦਾ/ਸਕਦੀ ਹੈ, ਜੇ ਉਸ ਨੂੰ ਪਤਾ ਸੀ ਕਿ ਤੁਹਾਡਾ ਸੁਝਾਅ ਅੰਦਰੂਨੀ ਜਾਣਕਾਰੀ ਦੇ ਅਧਾਰ 'ਤੇ ਕੀਤਾ ਗਿਆ ਸੀ।

## ਅਸੀਂ ਰਿਸ਼ਵਤ-ਵਿਰੋਧੀ ਕਾਨੂੰਨਾਂ ਦੀ ਪਾਲਣਾ ਕਰਦੇ ਹਾਂ

ਸਰਕਾਰਾਂ ਦੇ ਨਾਲ ਕਾਨੂੰਨੀ ਅਤੇ ਨੈਤਿਕਤਾ ਨਾਲ ਕੰਮ ਕਰਨ ਲਈ ਕੋਲਗੇਟ ਦਾ ਇਕਰਾਰ ਦੁਨੀਆ ਭਰ ਵਿੱਚ ਲਾਗੂ ਹੁੰਦਾ ਹੈ। ਕੰਪਨੀ ਦੀ ਪਾਲਿਸੀ ਦੇ ਨਾਲ-ਨਾਲ ਯੂ.ਐਸ. ਵਿਦੇਸ਼ੀ ਭ੍ਰਿਸ਼ਟਾਚਾਰ ਅਭਿਆਸ ਕਾਨੂੰਨ ("ਐਫਸੀਪੀਏ") ਅਤੇ ਦੁਨੀਆ ਭਰ ਵਿੱਚ ਇਹੋ ਜਿਹੇ ਰਿਸ਼ਵਤ-ਵਿਰੋਧੀ ਕਾਨੂੰਨ ਸਾਡੇ ਨਾਲ ਕੰਮ ਕਰਨ ਵਾਲੇ ਲੋਕਾਂ ਜਾਂ ਸਾਡੀ ਖਾਤਰ ਕੰਮ ਕਰ ਰਹੇ ਕਿਸੇ ਵਿਅਕਤੀ ਨੂੰ ਸਾਡੇ ਕਾਰੋਬਾਰ ਦੇ ਸਬੰਧ ਵਿੱਚ, ਕੋਈ ਕਾਰੋਬਾਰ ਪ੍ਰਾਪਤ ਕਰਨ ਜਾਂ ਕਿਸੇ ਸਰਕਾਰੀ ਕਾਰਵਾਈ ਜਾਂ ਫੈਸਲੇ ਨੂੰ ਪ੍ਰਭਾਵਿਤ ਕਰਨ ਲਈ ਕਿਸੇ ਸਰਕਾਰੀ ਅਧਿਕਾਰੀ ਨੂੰ ਸਿੱਧੇ ਜਾਂ ਅਸਿੱਧੇ ਤੌਰ 'ਤੇ ਕਿਸੇ ਚੀਜ਼, ਜਿਸਦਾ ਮੁੱਲ ਹੈ, ਨੂੰ ਦੇਣ ਜਾਂ ਪੇਸ਼ਕਸ਼ ਕਰਨ ਤੋਂ ਰੋਕਦੇ ਹਨ।

ਕੰਪਨੀ ਦੀ ਨੀਤੀ ਅਤੇ ਕੁਝ ਲਾਗੂ ਕਾਨੂੰਨ ਵੀ ਸਰਕਾਰੀ ਅਧਿਕਾਰੀਆਂ ਨੂੰ, ਸਿੱਧੇ ਜਾਂ ਅਸਿੱਧੇ ਤੌਰ 'ਤੇ, ਕੀਤੇ ਭੁਗਤਾਨਾਂ ਦੀ ਸਹੂਲਤ ਦੇਣ ਜਾਂ "ਗ੍ਰੀਸ" ਕਰਨ ਤੋਂ ਰੋਕਦੇ ਹਨ, ਤਾਂ ਜੋ ਕੋਈ ਸਰਕਾਰੀ ਸੇਵਾ ਜਾਂ ਕਾਰਜ (ਉਦਾਹਰਣ ਲਈ, ਕੋਲਗੇਟ ਦੀ ਅਰਜ਼ੀ ਨੂੰ ਕਤਾਰ ਵਿੱਚ ਅੱਗੇ ਲਿਆਉਣ ਲਈ ਜਾਂ ਸਮੇਂ ਦੀ ਮਿਆਦ, ਜਿਸ ਵਿੱਚ ਸੇਵਾਵਾਂ ਜਾਂ ਹੋਰ ਕਾਰਵਾਈਆਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ ਘਟਾਉਣ ਲਈ, ਅਧਿਕਾਰੀਆਂ ਨੂੰ ਕੀਤੇ ਗਏ ਛੋਟੇ ਭੁਗਤਾਨ) ਝਟਪਟ ਹੋ ਜਾਵੇ। ਸਰਕਾਰ ਦੁਆਰਾ ਜਾਰੀ ਰਸੀਦਾਂ ਦੇ ਸਮਰਥਨ ਵਾਲੀਆਂ ਕੋਈ ਸਰਕਾਰੀ ਫੀਸਾਂ ਅਨਉਚਿਤ ਭੁਗਤਾਨਾਂ ਵਜੋਂ ਪਾਤਰ ਨਹੀਂ ਬਣਦੀਆਂ।

ਇਹ ਯਕੀਨੀ ਬਣਾਉਣ ਲਈ ਕਿ ਤੁਸੀਂ ਸਿੱਧੇ ਤੌਰ 'ਤੇ ਜਾਂ ਇਕ ਤੀਜੀ ਪਾਰਟੀ ਦੁਆਰਾ ਇਸ ਮਿਆਰ ਦੀ ਉਲੰਘਣਾ ਨਹੀਂ ਕਰਦੇ, ਕੰਪਨੀ ਦੀ ਨੀਤੀ ਹੈ ਕਿ, ਇਕ ਕਾਨੂੰਨੀ ਰਸੀਦ ਦੁਆਰਾ ਸਮਰਥਨ ਕਾਨੂੰਨੀ ਆਦੇਸ਼ ਹੇਠ ਦਿੱਤੀਆਂ ਫੀਸਾਂ ਦੇ ਅਲਾਵਾ, (ਉਦਾਹਰਣ ਲਈ ਪਰਮਿਟ ਜਾਂ ਲਾਈਸੰਸ ਫੀਸ), ਕੋਈ ਭੁਗਤਾਨ, ਮਨੋਰੰਜਨ, ਸਫਰ, ਤੋਹਫ਼ੇ, ਜਾਂ ਮੁੱਲ ਦੀਆਂ ਹੋਰ ਚੀਜ਼ਾਂ ਸਰਕਾਰੀ ਅਧਿਕਾਰੀਆਂ ਨੂੰ ਪ੍ਰਦਾਨ ਜਾਂ ਪੇਸ਼ ਨਹੀਂ ਕੀਤੀਆਂ ਜਾ ਸਕਦੀਆਂ, ਉਹਨਾਂ ਦੀ ਮੁੱਲ ਰਕਮ ਦੇ ਬੇਪਰਵਾਹ, ਜਦੋਂ ਤੱਕ ਵਿਸ਼ਵ ਵਿਆਪੀ ਕਾਨੂੰਨੀ ਜੱਥੇਬੰਦੀ ਦੁਆਰਾ ਪਹਿਲਾਂ ਹੀ ਲਿਖਤ ਵਿੱਚ ਮਨਜ਼ੂਰੀ ਨਹੀਂ ਮਿਲੀ ਹੈ।

ਕੋਲਗੇਟ ਨਾਲ ਕੰਮ ਕਰਨ ਵਾਲੇ ਲੋਕੀਂ ਸਰਕਾਰੀ ਅਧਿਕਾਰੀਆਂ ਅਤੇ ਸਰਕਾਰਾਂ ਨਾਲ ਸਬੰਧਤ ਖਰਚਿਆਂ ਅਤੇ ਸਬੰਧਤ ਮਨਜ਼ੂਰੀ ਫਾਰਮ ਉੱਤੇ ਵਿਸ਼ਵ ਵਿਆਪੀ ਨੀਤੀ ਨੂੰ ਦੇਖ ਕੇ, ਵਧੀਕ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ।

ਇਹ ਜਾਣਨਾ ਮਹੱਤਵਪੂਰਣ ਹੈ ਕਿ ਸ਼ਬਦ "ਸਰਕਾਰੀ ਅਧਿਕਾਰੀ" ਦੀ ਵਿਆਪਕ ਪਰਿਭਾਸ਼ਾ ਦਿੱਤੀ ਗਈ ਹੈ ਅਤੇ ਇਸ ਵਿੱਚ ਉਹ ਵਿਅਕਤੀ ਸ਼ਾਮਲ ਹਨ ਜੋ ਕਿਸੇ ਸਾਰਵਜਨਿਕ ਜਾਂ ਪ੍ਰਦੇਸ਼ੀ-ਸਬੰਧਤਾ ਵਾਲੀ ਸੰਸਥਾ ਜਾਂ ਜੱਥੇਬੰਦੀ ਦੁਆਰਾ ਰੋਜ਼ਗਾਰ ਦਿੱਤੇ ਗਏ ਹਨ ਜਾਂ ਜੋ ਕਿਸੇ ਵੀ ਤਰੀਕੇ ਵਿੱਚ, ਭਾਵੇਂ ਪੂਰੇ ਸਮੇਂ, ਅੱਧੇ ਸਮੇਂ ਜਾਂ ਭੁਗਤਾਨ-ਰਹਿਤ, ਸਰਕਾਰੀ ਸਮਰੱਥਾ ਵਿੱਚ ਕੰਮ ਕਰਦੇ ਹਨ। ਸਰਕਾਰੀ ਅਧਿਕਾਰੀ ਹਰ ਸ਼ਾਖਾ ਅਤੇ ਸਰਕਾਰ ਅਤੇ ਸਾਰਵਜਨਿਕ ਜੀਵਨ ਦੇ ਪੱਧਰ ਵਿੱਚ ਮਿਲ ਸਕਦੇ ਹਨ ਅਤੇ ਇਹਨਾਂ ਵਿੱਚ ਨਿਮਨ-ਪੱਧਰ ਦੇ ਕਸਟਮ ਮੁਲਾਜ਼ਮਾਂ ਤੋਂ ਲੈ ਕੇ ਉੱਚ-ਦਰਜੇ ਦੇ ਕਾਨੂੰਨ ਸਿਰਜਣਹਾਰਾਂ, ਦੇ ਨਾਲ-ਨਾਲ ਪ੍ਰੋਫੈਸਰ ਅਤੇ ਅਧਿਆਪਕ, ਦੰਦ-ਚਿਕਿਤਸਕ, ਪਸ਼ੂ-ਚਿਕਿਤਸਕ ਜਾਂ ਹੋਰ ਪੇਸ਼ੇਵਰ ਅਤੇ ਮੁੱਖ ਸੋਚਵਾਨ ਆਗੂ ਅਤੇ ਪ੍ਰਦੇਸ਼ ਦੀ ਮਾਲਕੀ ਵਾਲੇ ਮੀਡੀਆ ਆਉਟਲੇਟ ਦੇ ਮੁਲਾਜ਼ਮ ਸ਼ਾਮਲ ਹੋ ਸਕਦੇ ਹਨ। ਜੇ ਤੁਹਾਨੂੰ ਸ਼ੱਕ ਹੈ ਕਿ ਕੀ ਕੋਈ ਵਿਅਕਤੀ ਇੱਕ ਸਰਕਾਰੀ ਅਧਿਕਾਰੀ ਮੰਨਿਆ ਜਾ ਸਕਦਾ ਹੈ, ਤੁਹਾਨੂੰ ਵਿਸ਼ਵ ਵਿਆਪੀ ਕਾਨੂੰਨੀ ਜੱਥੇਬੰਦੀ ਨਾਲ ਸੰਪਰਕ ਕਰਨਾ ਚਾਹੀਦਾ ਹੈ।

ਸਰਕਾਰੀ ਮੁਲਾਜ਼ਮਾਂ ਨਾਲ ਸੌਦੇਬਾਜ਼ੀ ਅਤੇ ਗੱਲਬਾਤ ਕਰਨ ਲੱਗਿਆਂ ਹਮੇਸ਼ਾ ਸਪਸ਼ਟ ਅਤੇ ਇਮਾਨਦਾਰ ਰਹੋ। ਸਰਕਾਰੀ ਮੁਲਾਜ਼ਮਾਂ ਨੂੰ ਜਾਣਦਿਆਂ ਹੋਇਆਂ ਜਾਂ ਜਾਣ-ਬੁਝਕੇ ਦਿੱਤੇ ਗਏ ਝੂਠੇ ਬਿਆਨਾਂ (ਜ਼ਬਾਨੀ ਜਾਂ ਲਿਖਤੀ)ਕਰਕੇ ਕੰਪਨੀ ਅਤੇ ਇਸਦੇ ਲੋਕਾਂ ਨੂੰ ਚੋਖੇ ਜੁਰਮਾਨੇ ਲੱਗ ਸਕਦੇ ਹਨ।

ਕੁਝ ਲੌਬੀ (ਮੈਂਬਰਾਂ ਨੂੰ ਪ੍ਰੇਰ ਕੇ ਬਿਲ ਪਾਸ ਕਰਵਾਉਣਾ) ਕਾਨੂੰਨਾਂ ਦੀ ਲੋੜ ਹੋ ਸਕਦੀ ਹੈ ਕਿ ਕੰਪਨੀ ਅਤੇ/ਜਾਂ ਇਸ ਦੇ ਮੁਲਾਜ਼ਮ ਜਾਂ ਤੀਜੀਆਂ ਪਾਰਟੀਆਂ ਇਕ ਲੌਬੀਇਸਟ ਦੇ ਤੌਰ 'ਤੇ ਰਜਿਸਟਰ ਅਤੇ ਰਿਪੋਰਟ ਕਰਨ ਜੇ ਕੋਲਗੇਟ ਨਾਲ ਕੰਮ ਕਰਨ ਵਾਲਾ ਕੋਈ ਵਿਅਕਤੀ ਜਾਂ ਏਜੰਟ ਕਾਨੂੰਨ ਨੂੰ ਪ੍ਰਭਾਵਿਤ ਕਰਨ ਜਾਂ ਕੁਝ ਹੋਰ ਸਰਕਾਰੀ ਕੰਮਾਂ ਦੇ ਉਦੇਸ਼ ਲਈ ਸਰਕਾਰੀ ਮੁਲਾਜ਼ਮ ਦੇ ਨਾਲ ਗੱਲਬਾਤ ਕਰ ਰਿਹਾ ਹੈ ਜੇ ਤੁਸੀਂ ਅਜਿਹੀ ਕਿਸੇ ਸਰਗਰਮੀ ਵਿੱਚ ਸ਼ਾਮਲ ਹੋ ਰਹੇ ਹੋ ਜਾਂ ਅਜਿਹਾ ਕਰਨ ਦੀਆਂ ਯੋਜਨਾਵਾਂ ਹਨ, ਸਿੱਧੇ ਤੌਰ 'ਤੇ ਜਾਂ ਇਕ ਤੀਜੀ ਪਾਰਟੀ ਦੇ ਦੁਆਰਾ, ਤਾਂ ਤੁਹਾਨੂੰ ਸਬੰਧਤ ਜ਼ਰੂਰਤਾਂ ਅਤੇ ਅਗਲੇ ਚਰਣਾਂ ਦਾ ਪਤਾ ਲਗਾਉਣ ਲਈ ਵਿਸ਼ਵ ਵਿਆਪੀ ਕਾਨੂੰਨੀ ਜੱਥੇਬੰਦੀ ਨਾਲ ਲਾਜ਼ਮੀ ਤੌਰ 'ਤੇ ਸੰਪਰਕ ਕਰਨਾ ਚਾਹੀਦਾ ਹੈ।

**ਸਵਾਲ:**

ਮੈਂ ਸਮਝਦਾ/ਸਮਝਦੀ ਹਾਂ ਕਿ ਅਜਿਹੇ ਕਾਨੂੰਨ ਹਨ ਜੋ ਸਰਕਾਰੀ ਮੁਲਾਜ਼ਮਾਂ ਦੀ ਰਿਸ਼ਵਤਖੋਰੀ ਨੂੰ ਰੋਕਦੇ ਹਨ। ਪਰ ਕੀ ਕਾਨੂੰਨ ਉਹਨਾਂ ਲੋਕਾਂ ਦੀ ਰਿਸ਼ਵਤਖੋਰੀ ਨੂੰ ਵੀ ਰੋਕਦਾ ਹੈ ਜੋ ਸਰਕਾਰੀ ਅਧਿਕਾਰੀ ਨਹੀਂ ਹਨ।

**ਜਵਾਬ:**

**ਹਾਂ।** ਅਜਿਹੇ ਰਿਸ਼ਵਤ-ਵਿਰੋਧੀ ਕਾਨੂੰਨ ਹਨ ਜੋ ਪ੍ਰਾਇਵੇਟ ਵਪਾਰਕ ਪਾਰਟੀਆਂ ਦੇ ਵਿੱਚਕਾਰ ਰਿਸ਼ਵਰਖੋਰੀ, ਯਾਂਨੀ ਵਪਾਰਕ ਰਿਸ਼ਵਤਖੋਰੀ ਨੂੰ ਰੋਕਦੇ ਹਨ। ਇਹ ਕਾਨੂੰਨ ਉੰਨੇ ਹੀ ਮਹੱਤਵਪੂਰਣ ਹਨ - ਅਤੇ ਕੜਾਈ ਨਾਲ ਲਾਗੂ ਕੀਤੇ ਜਾਂਦੇ ਹਨ - ਜਿਨੇਂ ਸਰਕਾਰੀ ਅਧਿਕਾਰੀਆਂ ਅਤੇ ਮੁਲਾਜ਼ਮਾਂ ਦੀ ਰਿਸ਼ਵਤਖੋਰੀ ਨੂੰ ਰੋਕਣ ਵਾਲੇ ਕਾਨੂੰਨ। ਹਮੇਸ਼ਾ ਯਾਦ ਰੱਖੋ ਕਿ ਕੰਪਨੀ ਦੀ ਨੀਤੀ ਅਤੇ ਸਥਾਨਕ ਕਾਨੂੰਨ ਕੰਪਨੀ ਦੇ ਕਾਰੋਬਾਰ ਦੇ ਸੰਚਾਲਨ ਵਿੱਚ ਕਿਸੇ ਵਿਅਕਤੀ ਦੀ ਰਿਸ਼ਵਤਖੋਰੀ ਨੂੰ ਰੋਕਦਾ ਹੈ, ਭਾਵੇਂ ਕੋਈ ਸਰਕਾਰੀ ਅਧਿਕਾਰੀ ਹੋਵੇ ਜਾਂ ਪ੍ਰਾਇਵੇਟ ਵਿਅਕਤੀ।

ਸਰਕਾਰੀ ਅਧਿਕਾਰੀਆਂ ਦੀ ਰਿਸ਼ਵਰਖੋਰੀ ਨੂੰ ਰੋਕਣ ਦੇ ਅਲਾਵਾ, ਕੰਪਨੀ ਦੀ ਨੀਤੀ ਅਤੇ ਸਬੰਧਤ ਕਾਨੂੰਨ ਪ੍ਰਾਇਵੇਟ ਧਿਰਾਂ ਦੀ ਰਿਸ਼ਵਤਖੋਰੀ ਨੂੰ ਵੀ ਰੋਕਦੇ ਹਨ। ਤੁਹਾਨੂੰ ਤੋਹਫ਼ਿਆਂ, ਭੁਗਤਾਨਾਂ ਜਾਂ ਹੋਰ ਫਾਇਦਿਆਂ ਦਾ ਵਚਨ ਦੇ ਕੇ, ਜਾਂ ਕਿਸੇ ਹੋਰ ਗੈਰ-ਕਾਨੂੰਨੀ ਲਾਲਚ ਦੁਆਰਾ ਅਜਿਹੀ ਕਿਸੇ ਬਾਹਰੀ ਪਾਰਟੀ ਦੇ ਫੈਸਲੇ ਜਾਂ ਵਿਹਾਰ 'ਤੇ ਪ੍ਰਭਾਵ ਪਾਉਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ ਜਿਸ ਦੇ ਨਾਲ ਤੁਸੀਂ ਕੰਪਨੀ ਦਾ ਕਾਰੋਬਾਰ ਚਲਾ ਸਕਦੇ ਹੋਵੋ।

ਕੋਲਗੇਟ ਨਾਲ ਕੰਮ ਕਰਨ ਵਾਲੇ ਲੋਕੀਂ ਸਰਕਾਰੀ ਸੰਸਥਾਵਾਂ ਨਾਲ ਕਾਰੋਬਾਰੀ ਸਬੰਧ ਉੱਤੇ ਕੰਪਨੀ ਦੀਆਂ ਸੇਧਾਂ ਦਾ ਹਵਾਲਾ ਲੈ ਕੇ ਵਧੀਕ ਜਾਣਕਾਰੀ ਹਾਸਲ ਕਰ ਸਕਦੇ ਹਨ, ਜੋ ourcolgate.com ਉੱਤੇ ਕੰਪਨੀ ਦੇ ਕਾਰੋਬਾਰੀ ਅਭਿਆਸ ਸੇਧਾਂ ਦੇ ਪਾਠ 10 ਵਿੱਚ ਮਿਲ ਸਕਦੀ ਹੈ।

## ਅਸੀਂ ਅੰਤਰਰਾਸ਼ਟਰੀ ਵਪਾਰ ਕਾਇਦਿਆਂ ਦੀ ਪਾਲਣਾ ਕਰਦੇ ਹਾਂ

ਕੰਪਨੀ ਅੰਤਰਰਾਸ਼ਟੀ ਵਪਾਰ ਨੂੰ ਚਲਾਉਣ ਵਾਲੇ ਸਾਰੇ ਲਾਗੂ ਕਾਨੂੰਨਾਂ ਦੀ ਪਾਲਣਾ ਕਰਦੀ ਹੈ ਅਤੇ ਇਸ ਲਈ ਸਬੰਧਤ ਯੂ.ਐਸ. ਵਪਾਰ ਨੇਮਾਂ ਦੀ ਪਾਲਣਾ ਕਰਨਾ ਵੀ ਲਾਜ਼ਮੀ ਹੈ, ਇਸ ਤੋਂ ਬੇਪਰਵਾਹ ਕਿ ਅਸੀਂ ਦੁਨੀਆ ਵਿੱਚ ਕਿੱਥੇ ਕੰਮ ਕਰਦੇ ਹਾਂ।

ਵਪਾਰ ਮਨਜ਼ੂਰ ਕਰਨ ਵਾਲੇ ਕਾਨੂੰਨ ਆਯਾਤ ਅਤੇ ਨਿਰਯਾਤ ਨੂੰ ਚਲਾਉਂਦੇ ਹਨ ਅਤੇ ਕੰਪਨੀ ਨੂੰ ਕੁਝ ਦੇਸ਼ਾਂ ਜਾਂ ਕੁਝ ਵਿਅਕਤੀਆਂ ਜਾਂ ਸੰਸਥਾਵਾਂ ਦੇ ਨਾਲ ਕਾਰੋਬਾਰ ਕਰਨ ਤੋਂ ਵੀ ਰੋਕ ਸਕਦੇ ਹਨ। ਕਿਸੇ ਤੀਜੀ ਪਾਰਟੀ (ਵਿਕ੍ਰੇਤਾ, ਗਾਹਕ ਆਦਿ) ਨੂੰ ਸ਼ਾਮਲ ਕਰਨ ਤੋਂ ਪਹਿਲਾਂ, ਤੀਜੀ ਪਾਰਟੀ ਦੀ ਜਾਂਚ ਯੂ.ਐਸ. ਸਰਕਾਰ ਦੁਆਰਾ ਬਣਾਈ ਗਈ "ਪਾਬੰਦਤ ਪਾਰਟੀਆਂ" ਦੀਆਂ ਦੋ ਸੂਚੀਆਂ ਦੇ ਖਿਲਾਫ਼ ਜ਼ਰੂਰ ਕੀਤੀ ਜਾਣੀ ਚਾਹੀਦੀ ਹੈ, ਤਾਂ ਜੋ ਯਕੀਨੀ ਬਣਾਇਆ ਜਾਵੇ ਕਿ ਕੰਪਨੀ ਲੈਣ-ਦੇਣ ਦੇ ਨਾਲ ਅੱਗੇ ਵਧਣ ਲਈ ਮੁਕਤ ਹੈ।

ਕੰਪਨੀ ਨੂੰ ਵਿਦੇਸ਼ੀ ਬਾਇਕਾੱਟ ਵਿੱਚ ਭਾਗੀਦਾਰੀ ਕਰਨ ਤੋਂ ਰੋਕਿਆ ਜਾਂਦਾ ਹੈ ਜੋ ਯੂ.ਐਸ. ਦੁਆਰਾ ਮਨਜ਼ੂਰ ਨਹੀਂ ਹਨ ਅਤੇ ਅਜਿਹੇ ਬਾਇਕਾੱਟ ਨਾਲ ਸਬੰਧਤ ਕਿਸੇ ਬੇਨਤੀਆਂ ਦੀ ਤੁਰੰਤ ਸੂਚਨਾ ਦੇਣ ਦੀ ਲੋੜ ਹੈ। ਅਜਿਹੀਆਂ ਕਿਸੇ ਬੇਨਤੀਆਂ ਦੀ ਸੂਚਨਾ ਢੁਕਵੇਂ ਨਿਪਟਾਰੇ ਲਈ ਵਿਸ਼ਵ ਵਿਆਪੀ ਕਾਨੂੰਨੀ ਜੱਥੇਬੰਦੀ ਨੂੰ ਲਾਜ਼ਮੀ ਤੌਰ 'ਤੇ ਤੁਰੰਤ ਦਿੱਤੀ ਜਾਣੀ ਚਾਹੀਦੀ ਹੈ।

ਕੋਲਗੇਟ ਨਾਲ ਕੰਮ ਕਰਨ ਵਾਲੇ ਲੋਕੀਂ ਅੰਤਰਰਾਸ਼ਟਰੀ ਕਾਰੋਬਾਰ ਸਬੰਧੀ ਸਰਗਰਮੀਆਂ ਉੱਤੇ ਕੰਪਨੀ ਦੀਆਂ ਸੇਧਾਂ ਦਾ ਹਵਾਲਾ ਲੈ ਕੇ ਵਧੀਕ ਜਾਣਕਾਰੀ ਹਾਸਲ ਕਰ ਸਕਦੇ ਹਨ, ਜੋ ourcolgate.com ਉੱਤੇ ਕੰਪਨੀ ਦੇ ਕਾਰੋਬਾਰੀ ਅਭਿਆਸ ਸੇਧਾਂ ਦੇ ਪਾਠ 9 ਵਿੱਚ ਮਿਲ ਸਕਦੀ ਹੈ।

## ਅਸੀਂ ਡਾਟਾ ਲੁਕਾਅ ਅਤੇ ਡਾਟਾ ਰੱਖਿਆ ਕਾਨੂੰਨਾਂ ਦੀ ਪਾਲਣਾ ਕਰਦੇ ਹਾਂ

ਕੋਲਗੇਟ ਆਪਣੇ ਮੁਲਾਜ਼ਮਾਂ, ਖਪਤਕਾਰਾਂ, ਗਾਹਕਾਂ, ਸਪਲਾਇਰਾਂ ਅਤੇ ਹੋਰ ਤੀਜੀਆਂ ਪਾਰਟੀਆਂ ਦੀ ਰਾਜ਼ਦਾਰੀ ਦਾ ਸਤਿਕਾਰ ਕਰਦਾ ਹੈ ਜਿਸ ਦੇ ਨਾਲ ਕੋਲਗੇਟ ਦਾ ਕਾਰੋਬਰੀ ਸਬੰਧ ਹੈ ਅਤੇ ਇਸ ਲਈ, ਅਸੀਂ ਨਿਜੀ ਡਾਟਾ ਨੂੰ ਜ਼ਿੰਮੇਵਾਰੀ ਨਾਲ ਅਤੇ ਸਾਰੇ ਲਾਗੂ ਡਾਟਾ ਰਾਜ਼ਦਾਰੀ ਅਤੇ ਡਾਟਾ ਰੱਖਿਆ ਕਾਨੂੰਨਾਂ ਦੇ ਅਨੁਸਾਰ ਵਰਤਦੇ ਹਾਂ।

ਕੋਲਗੇਟ ਨਾਲ ਉਹਨਾਂ ਦੇ ਰੋਜ਼ਗਾਰ ਦੇ ਹਿੱਸੇ ਦੇ ਤੌਰ 'ਤੇ, ਮੁਲਾਜ਼ਮ ਕੰਪਨੀ ਨੂੰ ਕੁਝ ਨਿਜੀ ਜਾਣਕਾਰੀ ਦੇ ਸਕਦੇ ਹਨ, ਜਿਵੇਂ ਘਰ ਦਾ ਪਤਾ ਅਤੇ ਈ-ਮੇਲ ਪਤਾ, ਲਾਭਾਂ ਦੇ ਉਦੇਸ਼ਾਂ ਲਈ ਪਰਿਵਾਰਕ ਜਾਣਕਾਰੀ ਅਤੇ ਹੋਰ ਨਿਜੀ ਜਾਣਕਾਰੀ।

ਇਸੀ ਤਰ੍ਹਾਂ, ਸਾਡੇ ਖਪਤਕਾਰ, ਉਤਪਾਦ ਦੀ ਜਾਣਕਾਰੀ ਦੀਆਂ ਬੇਨਤੀਆਂ ਜਾਂ ਕੰਪਨੀ ਵਲੋਂ ਸਪਾਂਸਰ ਕੀਤੇ ਗਏ ਮੁਕਾਬਲਿਆਂ ਵਿਚ ਹਿੱਸਾ ਲੈਣ ਲਈ ਬੇਨਤੀਆਂ ਦੁਆਰਾ, ਇਹ ਲੋਕ ਕੰਪਨੀ ਨੂੰ ਨਿਜੀ ਜਾਣਕਾਰੀ ਦੇ ਸਕਦੇ ਹਨ, ਜਿਵੇਂ ਨਾਂ, ਗਲੀ ਦਾ ਪਤਾ ਅਤੇ ਈ-ਮੇਲ ਪਤਾ।

ਕੋਲਗੇਟ ਨਾਲ ਕਾਰੋਬਾਰੀ ਸਬੰਧਾਂ ਦੇ ਅਮਲ ਦੌਰਾਨ, ਗਾਹਕ, ਸਪਲਾਇਰ ਅਤੇ ਹੋਰ ਤੀਜੀਆਂ ਪਾਰਟੀਆਂ ਕੰਪਨੀ ਨੂੰ ਨਿਜੀ ਜਾਣਕਾਰੀ ਦੇ ਸਕਦੇ ਹਨ, ਜਿਵੇਂ ਨਾਂ, ਟੈਲੀਫ਼ੋਨ ਨੰਬਰ, ਫ਼ੈਕਸ ਨੰਬਰ, ਗਲੀ ਦਾ ਪਤਾ, ਈ-ਮੇਲ ਪਤੇ ਅਤੇ ਕ੍ਰੈਡਿਟ ਕਾਰਡ ਜਾਣਕਾਰੀ।

ਇਸ ਸਾਰੀ ਜਾਣਕਾਰੀ ਦੇ ਸਬੰਧ ਵਿੱਚ, ਕੋਲਗੇਟ ਦੀ ਨੀਤੀ ਹੈ:

- ਨਿਜੀ ਡਾਟਾ ਨੂੰ ਸਿਰਫ਼ ਉਸ ਕਾਰਨ ਲਈ ਇਕੱਤਰ, ਪ੍ਰੋਸੈਸ, ਇਸਤੇਮਾਲ ਅਤੇ ਸਾਂਭ ਕੇ ਰੱਖੋ ਜਿਸ ਲਈ ਇਹ ਸਾਨੂੰ ਪ੍ਰਦਾਨ ਕੀਤਾ ਗਿਆ ਸੀ, ਜਦੋਂ ਤੱਕ ਅਸੀਂ ਹੋਰ ਇਸਤੇਮਾਲਾਂ ਲਈ ਰਜ਼ਾਮੰਦੀ ਹਾਸਲ ਨਹੀਂ ਕੀਤੀ ਹੈ, ਅਤੇ ਜਿਵੇਂ ਸਾਡੇ ਰਿਕਾੱਰਡ ਰੱਖਣ ਦੇ ਉਦੇਸ਼ਾਂ ਲਈ ਲੋੜੀਂਦਾ ਹੈ;

- ਨਿਜੀ ਡਾਟਾ ਦੇ ਅਣਅਧਿਕਾਰਤ ਖੁਲਾਸੇ ਜਾਂ ਇਸਤੇਮਾਲ ਤੋਂ ਰੱਖਿਆ ਕਰਨ ਲਈ ਸਾਰੇ ਮੁਨਾਸਬ ਕਦਮ ਚੁੱਕੋ;

- ਨਿਜੀ ਡਾਟਾ ਨੂੰ ਸਾਡੇ ਉਹਨਾਂ ਸੇਵਾ ਪ੍ਰਦਾਤਿਆਂ ਤੋਂ ਅਲਾਵਾ ਤੀਜੀਆਂ ਪਾਰਟੀਆਂ ਦੇ ਨਾਲ ਸਾਂਝਾ ਨਾ ਕਰੋ, ਜੋ ਸਾਡੇ ਕਾਰੋਬਾਰ ਦਾ ਪ੍ਰਬੰਧ ਕਰਨ ਵਿੱਚ ਸਾਡੀ ਮਦਦ ਕਰਦੇ ਹਨ ਅਤੇ ਫੇਰ, ਜੇਕਰ ਸਿਰਫ਼ ਉਹ ਪਾਰਟੀ ਸਾਡੇ ਲੁਕਾ ਸੰਬੰਧੀ ਮਿਆਰਾਂ ਅਤੇ ਸਾਰੇ ਲਾਗੂ ਰਾਜ਼ਦਾਰੀ ਕਾਨੂੰਨਾਂ ਦੇ ਨਾਲ ਪਾਲਣਾ ਕਰਨ ਲਈ ਸਹਿਮਤ ਹੋਈ ਹੈ;

- ਸਾਰੇ ਲਾਗੂ ਕਾਨੂੰਨਾਂ ਦੀ ਪਾਲਣਾ ਕਰੋ।

ਡਾਟਾ ਲੁਕਾਅ ਅਤੇ ਡਾਟਾ ਰੱਖਿਆ ਦੇ ਸਬੰਧ ਵਿੱਚ ਕਾਨੂੰਨਾਂ ਨੂੰ ਲਗਾਤਾਰ ਵਿਕਸਿਤ ਅਤੇ ਸੋਧਿਆ ਜਾ ਰਿਹਾ ਹੈ। ਅਸੀਂ ਸ਼ਾਮਲ ਹੁੰਦੇ ਡਾਟਾ ਰਾਜ਼ਦਾਰੀ ਅਤੇ ਡਾਟਾ ਰੱਖਿਆ ਕਾਨੂੰਨਾਂ ਦੀ ਨਿਗਰਾਨੀ ਕਰਨ ਲਈ ਵਚਨਬੱਧ ਹਾਂ ਅਤੇ ਸਮੇਂ ਸਮੇਂ 'ਤੇ, ਉਹਨਾਂ ਨੂੰ ਧਿਆਨ ਵਿੱਚ ਰੱਖ ਕੇ ਖਾਸ ਨੀਤੀਆਂ ਵਿਕਸਿਤ ਕਰ ਸਕਦੇ ਹਾਂ।

ਕੋਲਗੇਟ ਨਾਲ ਕੰਮ ਕਰਨ ਵਾਲੇ ਲੋਕੀਂ ਡਾਟਾ ਡੇਟਾ ਰਾਜ਼ਦਾਰੀ ਅਤੇ ਡਾਟਾ ਰੱਖਿਆ ਉੱਤੇ ਕੰਪਨੀ ਦੀਆਂ ਸੇਧਾਂ ਦਾ ਹਵਾਲਾ ਲੈ ਕੇ ਵਧੀਕ ਜਾਣਕਾਰੀ ਹਾਸਲ ਕਰ ਸਕਦੇ ਹਨ, ਜੋ ourcolgate.com ਉੱਤੇ ਕੰਪਨੀ ਦੇ ਕਾਰੋਬਾਰੀ ਅਭਿਆਸ ਸੇਧਾਂ ਦੇ ਪਾਠ 11 ਵਿੱਚ ਮਿਲ ਸਕਦੀ ਹੈ।

## ਅਸੀਂ ਰਿਕਾੱਰਡ ਸਾਂਭ ਕੇ ਰੱਖਣ ਵਾਲੇ ਕਾਨੂੰਨਾਂ ਦੀ ਪਾਲਣਾ ਕਰਦੇ ਹਾਂ

ਦੁਨੀਆਂ ਭਰ ਦੇ ਕਈ ਕਾਨੂੰਨਾਂ ਦੀ ਲੋੜ ਹੈ ਕਿ ਕੋਲਗੇਟ ਸਮੇਂ ਦੀਆਂ ਵਿਸ਼ੇਸ਼ ਮਿਆਦਾਂ ਲਈ ਕੁਝ ਕਿਸਮ ਦੇ ਰਿਕਾੱਰਡ (ਭੌਤਿਕ ਦਸਤਾਵੇਜ਼ਾਂ ਅਤੇ ਇਲੈਕਟ੍ਰੋਨਿਕ ਡਾਟਾ ਸਮੇਤ) ਕਾਇਮ ਰੱਖੇ। ਇਹਨਾਂ ਜ਼ਰੂਰਤਾਂ ਦੇ ਨਾਲ ਪਾਲਣਾ ਕਰਨ ਦੀ ਵਿਫਲਤਾ ਕਾਰਨ ਕੰਪਨੀ ਨੂੰ ਅਹਿਮ ਜੁਰਮਾਨੇ ਅਤੇ ਹੋਰ ਪੈਨਲਟੀਆਂ ਲੱਗ ਸਕਦੀਆਂ ਹਨ। ਕੋਲਗੇਟ ਰਿਕਾੱਰਡ ਪ੍ਰਬੰਧਨ ਪ੍ਰੋਗਰਾਮ ਲਈ ਵਚਨਬੱਧ ਹੈ ਜੋ ਸਾਰੀਆਂ ਲਾਗੂ ਕਾਨੂੰਨੀ ਅਤੇ ਨੇਮਕ ਜ਼ਰੂਰਤਾਂ ਨੂੰ ਪੂਰਾ ਕਰਦਾ ਹੈ, ਸਾਡੇ ਕਾਰੋਬਾਰ ਦੀਆਂ ਜਾਣਕਾਰੀ ਨੂੰ ਸਾਂਭ ਕੇ ਰੱਖਣ ਦੀਆਂ ਜ਼ਰੂਰਤਾਂ ਨੂੰ ਸੰਤੁਸ਼ਟ ਕਰਦਾ ਹੈ, ਅਤੇ ਯਕੀਨੀ ਬਣਾਉਂਦਾ ਹੈ ਕਿ ਪੁਰਾਣੇ ਜਾਂ ਬੇਲੋੜੇ ਰਿਕਾੱਰਡ ਅਤੇ ਹੋਰ ਦਸਤਾਵੇਜ਼ਾਂ ਨੂੰ ਢੁਕਵੇਂ ਤਰੀਕੇ ਨਾਲ ਸੁੱਟਿਆ ਜਾਂਦਾ ਹੈ।

ਤੁਹਾਨੂੰ ਕਿਸੇ ਕਾਨੂੰਨੀ ਕਾਰਵਾਈ, ਜਾਂਚ ਜਾਂ ਮੁਕੱਦਮੇ ਵਿੱਚ ਕਾਨੂੰਨ ਦੁਆਰਾ ਲੋੜ ਮੁਤਾਬਕ ਸਬੰਧਤ ਅਤੇ ਜ਼ਰੂਰੀ ਜਾਣਕਾਰੀ ਜਾਂ ਦਸਤੇਵਾਜ਼ਾਂ ਦਾ ਖੁਲਾਸਾ ਕਰਨ ਦੀ ਲੋੜ ਹੈ। ਕਿਸੇ ਹੁਕਮ-ਹਾਜ਼ਰੀ, ਅਦਾਲਤ ਦੇ ਆਦੇਸ਼ ਜਾਂ ਹੋਰ ਕਾਨੂੰਨੀ ਕਿਰਿਆ ਜਿਸ ਲਈ ਕੰਪਨੀ ਦੀ ਜਾਣਕਾਰੀ ਜਾਂ ਦਸਤਾਵੇਜ਼ਾਂ ਦਾ ਖੁਲਾਸਾ ਕਰਨ ਦੀ ਲੋੜ ਹੁੰਦੀ ਹੈ, ਦੀ ਪ੍ਰਾਪਤੀ ਉੱਤੇ, ਤੁਹਾਨੂੰ ਕਾਨੂੰਨ ਦੁਆਰਾ ਇਜਾਜ਼ਤ ਦਿੱਤੀ ਸੀਮਾ ਤੱਕ ਵਿਸ਼ਵ ਵਿਆਪੀ ਕਾਨੂੰਨੀ ਜੱਥੇਬੰਦੀ ਨੂੰ ਖ਼ਬਰ ਦੇਣ ਦੀ ਲੋੜ ਹੈ।

ਅਜਿਹੇ ਮਾਮਲੇ ਵਿੱਚ, ਤੁਹਾਡੇ ਲਈ ਵਿਸ਼ਵ ਵਿਆਪੀ ਕਾਨੂੰਨੀ ਜੱਥੇਬੰਦੀ ਦੁਆਰਾ ਪ੍ਰਦਾਨ ਕੀਤੀਆਂ ਸਾਰੀਆਂ ਹਿਦਾਇਤਾਂ ਦੀ ਪਾਲਣਾ ਕਰਨਾ ਲਾਜ਼ਮੀ ਹੈ ਅਤੇ ਸਾਰੇ ਰਿਕਾੱਰਡਾਂ ਨੂੰ ਸਾਂਭ ਕੇ ਰੱਖਣਾ ਲਾਜ਼ਮੀ ਹੈ ਜੋ ਹੁਕਮ-ਹਾਜ਼ਰੀ, ਮੁਕੱਦਮੇ ਜਾਂ ਜਾਂਚ ਵੱਲ ਜਵਾਬੀ ਜਾਂ ਉਸ ਨਾਲ ਸਬੰਧਤ ਹੋ ਸਕਦੇ ਹਨ, ਰਿਕਾੱਰਡ ਸਾਂਭ ਕੇ ਰੱਖਣ ਦੇ ਪ੍ਰੋਗਰਾਮ ਦੀਆਂ ਜ਼ਰੂਰਤਾਂ ਤੋਂ ਬੇਪਰਵਾਹ। ਤੁਹਾਨੂੰ ਲਾਜ਼ਮੀ ਤੌਰ 'ਤੇ ਅਜਿਹੇ ਰਿਕਾਰਡਾਂ ਨੂੰ ਬਰਬਾਦ ਜਾਂ ਰੂਪਾਂਤਰ ਨਹੀਂ ਕਰਨਾ ਚਾਹੀਦਾ, ਕਿਉਂਕਿ ਰਿਕਾੱਰਡਾਂ ਦੇ ਗ਼ਲਤ ਨਾਸ਼ ਕਰਨ ਦੇ ਗੰਭੀਰ ਨਤੀਜੇ ਨਿਕਲ ਸਕਦੇ ਹਨ, ਜਿਸ ਵਿੱਚ ਤੁਹਾਡੇ ਅਤੇ ਤੁਹਾਡੀ ਕੰਪਨੀ ਦੋਹਾਂ ਲਈ ਸਿਵਿਲ ਅਤੇ/ਜਾਂ ਅਪਰਾਧਕ ਪੈਨਲਟੀਆਂ ਅਤੇ ਰੋਜ਼ਗਾਰ ਸੰਬੰਧੀ ਨਤੀਜੇ ਸ਼ਾਮਲ ਹਨ।

ਜੇ ਤੁਹਾਡੇ ਕੋਲ ਇਸ ਬਾਰੇ ਕੋਈ ਸਵਾਲ ਹੈ ਕਿ ਕੀ ਕੋਈ ਰਿਕਾੱਰਡ ਇਕ ਜਾਂਚ, ਮੁਕੱਦਮੇ ਜਾਂ ਹੁਕਮ-ਹਾਜ਼ਰੀ ਨਾਲ ਸਬੰਧਤ ਹੈ, ਤਾਂ ਸਵਾਲ ਵਿੱਚਲੇ ਰਿਕਾੱਰਡ ਨੂੰ ਸੁੱਟਣ ਤੋਂ ਪਹਿਲਾਂ ਵਿਸ਼ਵ ਵਿਆਪੀ ਕਾਨੂੰਨੀ ਜੱਥੇਬੰਦੀ ਨਾਲ ਸੰਪਰਕ ਕਰੋ। ਕੋਲਗੇਟ ਨਾਲ ਕੰਮ ਕਰਨ ਵਾਲੇ ਲੋਕੀਂ "ਰਿਕਾੱਰਡਾਂ ਦੀ ਪ੍ਰਬੰਧਨ ਪ੍ਰੋਗਰਾਮ ਪਾੱਲਿਸੀ" ਨੂੰ ਦੇਖ ਕੇ ਵਧੀਕ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ।

**ਸਵਾਲ:**

ਮੈਂ ਕਿਵੇਂ ਤੈਅ ਕਰਾਂ ਕਿ ਮੈਨੂੰ ਕਿੰਨੀ ਦੇਰ ਤੱਕ ਕੰਪਨੀ ਦੇ ਰਿਕਾੱਰਡ ਰੱਖਣੇ ਚਾਹੀਦੇ ਹਨ ਅਤੇ ਮੈਂ ਉਹਨਾਂ ਦਾ ਨਿਪਟਾਰਾ ਕਦੋਂ ਕਰ ਸਕਦਾ/ਸਕਦੀ ਹਾਂ?

**ਜਵਾਬ:**

ਕਿਰਪਾ ਕਰਕੇ OurColgate.com > C-P ਸਾਈਟਾਂ > ਵਿਸ਼ਵ ਵਿਆਪੀ ਕਾਨੂੰਨੀ ਜੱਥੇਬੰਦੀ ਅਤੇ ਨਿਯਾਮਕ > ਰਿਕਾਰਡਾਂ ਦੇ ਪ੍ਰਬੰਧਨ ਲਈ ਪ੍ਰੋਗਰਾਮ ਵਿਖੇ ਕੰਪਨੀ ਦੇ ਰਿਕਾਰਡਾਂ ਦੀ ਪ੍ਰਬੰਧਨ ਸਾਈਟ ਨਾਲ ਸਲਾਹ-ਮਸ਼ਵਰਾ ਕਰੋ ਜਾਂ ਆਪਣੇ ਸਥਾਨਕ ਰਿਕਾੱਰਡਾਂ ਦੇ ਕੋਆਰਡੀਨੇਟਰ (ਜਿੱਥੇ ਲਾਗੂ ਹੈ) ਨਾਲ ਸੰਪਰਕ ਕਰੋ।

## ਅਸੀਂ ਸਿਆਸੀ ਯੋਗਦਾਨ ਨਹੀਂ ਦਿੰਦੇ

ਕੰਪਨੀ ਦਾ ਕੋਈ ਵੀ ਪੈਸਾ ਜਾਂ ਸੰਪਤੀਆਂ ਕਿਸੇ ਵੀ ਦੇਸ਼ ਵਿੱਚ, ਸਰਕਾਰ ਦੇ ਕਿਸੇ ਪੱਧਰ 'ਤੇ, ਕਿਸੇ ਸਿਆਸੀ ਪਾਰਟੀ ਜਾਂ ਉਮੀਦਵਾਰ ਲਈ ਯੋਗਦਾਨ ਦੇਣ ਵਿਚ ਵਰਤੀਆਂ ਨਹੀਂ ਜਾ ਸਕਦੀਆਂ। ਇੱਕ ਸਿਆਸੀ ਯੋਗਦਾਨ ਵਿਚ ਸਿੱਧੀ (ਵਿੱਤੀ) ਅਤੇ ਗੈਰ-ਵਿੱਤੀ ਦੋਵੇਂ ਤਰ੍ਹਾਂ ਦੇ ਯੋਗਦਾਨ ਸ਼ਾਮਿਲ ਹਨ। ਗੈਰ-ਵਿੱਤੀ ਯੋਗਦਾਨਾਂ ਵਿਚ ਸ਼ਾਮਿਲ ਹੈ, ਪੈਸੇ ਇਕੱਠੇ ਕਰਨ ਲਈ ਖ਼ਰੀਦੀਆਂ ਗਈਆਂ ਟਿਕਟਾਂ, ਉਤਪਾਦਾਂ ਦਾ ਯੋਗਦਾਨ, ਕੋਲਗੇਟ ਵਿਚ ਕੰਮ ਕਰਨ ਵਾਲੇ ਲੋਕਾਂ ਵਲੋਂ ਆਪਣੇ ਕੰਮ ਦੇ ਸਾਧਾਰਨ ਸਮੇਂ ਦੌਰਾਨ ਆਪਣੀ ਮਰਜ਼ੀ ਨਾਲ ਕੀਤਾ ਗਿਆ ਕੰਮ ਅਤੇ ਪੈਸਾ ਇਕੱਠਾ ਕਰਨ ਜਾਂ ਸਿਆਸੀ ਉਦੇਸ਼ਾਂ ਲਈ ਕੋਲਗੇਟ ਦੀਆਂ ਥਾਂਵਾਂ ਦੀ ਵਰਤੋਂ ਕਰਨਾ। ਜੇ ਕਲਪਨਾ ਕੀਤੇ ਸਿਆਸੀ ਯੋਗਦਾਨ ਬਾਰੇ ਤੁਹਾਡਾ ਕੋਈ ਸਵਾਲ ਹੈ, ਤਾਂ ਕਿਰਪਾ ਕਰਕੇ ਵਿਸ਼ਵ ਵਿਆਪੀ ਕਾਨੂੰਨੀ ਜਥੇਬੰਦੀ ਨਾਲ ਸੰਪਰਕ ਕਰੋ।

ਕੰਪਨੀ ਨੂੰ, ਕੋਲਗੇਟ ਵਿਚ ਕੰਮ ਕਰਨ ਵਾਲੇ ਕਿਸੇ ਵੀ ਵਿਅਕਤੀ ਜਾਂ ਕੰਪਨੀ ਨਾਲ ਜੁੜੇ ਵਿਅਕਤੀ (ਲੋਕਾਂ ਨੂੰ ਕੰਪਨੀ ਦੇ ਹੱਕ ਵਿਚ ਪ੍ਰੇਰਣ ਵਾਲੇ ਬਾਹਰੀ ਵਿਅਕਤੀ ਜਾਂ ਹੋਰ ਤੀਜੀਆਂ ਪਾਰਟੀਆਂ ਸਮੇਤ) ਨੂੰ ਸਿੱਧੇ ਜਾਂ ਅਸਿੱਧੇ ਤੌਰ 'ਤੇ ਕਿਸੇ ਵੀ ਤਰ੍ਹਾਂ ਸਿਆਸੀ ਯੋਗਦਾਨ ਲਈ ਘਾਟਾ ਪੂਰਾ ਕਰਨ ਜਾਂ ਅਦਾ ਕਰਨ ਤੋਂ ਮਨ੍ਹਾਹੀ ਹੈ।

ਵਿਅਕਤੀਗਤ ਤੌਰ 'ਤੇ ਕੋਲਗੇਟ ਨਾਲ ਕੰਮ ਕਰਨ ਵਾਲੇ ਲੋਕ ਆਪਣੀ ਪਸੰਦ ਦੇ ਉਮੀਦਵਾਰਾਂ ਜਾਂ ਪਾਰਟੀਆਂ ਲਈ ਵਿਅਕਤੀਗਤ ਯੋਗਦਾਨ ਦੇਣ ਲਈ ਸੁੰਤਤਰ ਹਨ। ਵਿਅਕਤੀਗਤ ਯੋਗਦਾਨ ਵਿਅਕਤੀ ਦੀ ਆਪਣੀ ਜ਼ਿੰਮੇਵਾਰੀ ਅਤੇ ਬੋਝ ਹੈ ਅਤੇ ਇਹ ਕਦੇ ਵੀ ਕਿਸੇ ਵੀ ਤਰੀਕੇ ਵਿੱਚ ਕੋਲਗੇਟ ਜਾਂ ਇਸ ਦੀ ਕਾਰਵਾਈ ਕਰ ਰਹੀ ਕਿਸੇ ਕੰਪਨੀ ਦੀ ਸਹਾਇਤਾ ਕਰਨ ਦੇ ਇਰਾਦੇ ਨਾਲ ਨਹੀਂ ਕੀਤਾ ਜਾਣਾ ਚਾਹੀਦਾ।

ਜ਼ਿਆਦਾਤਰ ਬਹੁ-ਰਾਸ਼ਟਰੀ ਕੰਪਨੀਆਂ ਵਾਂਗ ਕੋਲਗੇਟ ਦਾ ਬਹੁਤ ਸਾਰੀਆਂ ਵਪਾਰਕ ਅਤੇ ਸਨਅੱਤੀ ਸੰਸਥਾਵਾਂ ਨਾਲ ਸਬੰਧ ਹੈ ਅਤੇ ਉਹ ਸਲਾਨਾ ਦਿੱਤੀਆਂ ਜਾਣ ਵਾਲੀਆਂ ਰਕਮਾਂ ਦਾ ਭੁਗਤਾਨ ਕਰਦੀ ਹੈ। ਇਹ ਯਕੀਨੀ ਬਣਾਉਣ ਲਈ ਕਿ ਇਹ ਵਪਾਰਕ ਸੰਸਥਾਵਾਂ ਕੋਲਗੇਟ ਵਲੋਂ ਦਿੱਤੀਆਂ ਗਈਆਂ ਰਕਮਾਂ ਦੇ ਕਿਸੇ ਹਿੱਸੇ ਦੀ ਵਰਤੋਂ ਸਿਆਸੀ ਯੋਗਦਾਨ ਨਾਲ ਨਾ ਕਰਨ, ਕੋਲਗੇਟ ਦਾ ਮੁਖ ਨੈਤਿਕਤਾ ਅਤੇ ਪਾਲਣਾ ਅਫ਼ਸਰ ਸਾਡੀ ਨੀਤੀ ਦਾ ਇੱਕ ਸਾਲਾਨਾ ਰੀਮਾਈਂਡਰ ਹਰ ਸਾਲ ਅਮਰੀਕਾ ਦੀਆਂ ਵਪਾਰਕ ਸੰਸਥਾਵਾਂ ਨੂੰ ਭੇਜਦਾ ਹੈ ਜਿਸ ਵਿੱਚ ਕੋਲਗੇਟ ਭੁਗਤਾਨ ਕਰਨ ਵਾਲਾ ਇੱਕ ਮੈਂਬਰ ਹੈ ਅਤੇ ਚਾਹੁੰਦਾ ਹੈ ਕਿ ਸਾਰੀਆਂ ਵਪਾਰਕ ਸੰਸਥਾਵਾਂ ਜੋ ਕੋਲਗੇਟ ਪੈਸਿਆਂ ਦੀ ਥ੍ਰੈਸ਼ਹੋਲਡ ਰਕਮ ਪ੍ਰਾਪਤ ਕਰਦੀਆਂ ਹਨ, ਇੱਕ ਸਲਾਨਾ ਤਸਦੀਕੀ ਅਮਲ ਵਿਚ ਹਿੱਸਾ ਲੈਣ। ਇਸ ਬਾਰੇ ਹੋਰ ਜਾਣਨ ਲਈ, ਕਿਰਪਾ ਕਰਕੇ ਸਾਡੀ ਸਿਆਸੀ ਯੋਗਦਾਨ ਸਬੰਧੀ ਨੀਤੀ ਵੇਖੋ, ਜੋ colgatepalmolive.com ਦੇ "ਸਾਡੀ ਕੰਪਨੀ" ਸੈਕਸ਼ਨ ਵਿਚ ਮਿਲ ਸਕਦੀ ਹੈ।

# ਸਮਾਜ ਨਾਲ ਸਾਡਾ ਰਿਸ਼ਤਾ



## *ਕੰਪਨੀ ਵਿਸ਼ਵ ਵਿਆਪੀ ਭਾਈਚਾਰੇ ਦਾ ਯੋਗਦਾਨ ਕਰਨ ਵਾਲਾ ਮੈਂਬਰ ਬਣਨ ਦੀ ਕੋਸ਼ਿਸ਼ ਕਰਦੀ ਹੈ।*

ਕੋਲਗੇਟ ਵਿਖੇ, ਅਸੀਂ ਪੂਰੇ ਵਿਸ਼ਵ ਵਿੱਚਲੇ ਭਾਈਚਾਰਿਆਂ ਅੰਦਰ ਸਿਹਤ ਅਤੇ ਤੰਦਰੁਸਤੀ ਨੂੰ ਵਧਾਵਾ ਦੇਣ ਲਈ ਮੌਖਿਕ ਸਿਹਤ, ਨਿਜੀ ਦੇਖਭਾਲ, ਘਰ ਦੀ ਦੇਖਭਾਲ ਅਤੇ ਪਾਲਤੂ ਜਾਨਵਰਾਂ ਦੇ ਪੋਸ਼ਣ ਦੇ ਖੇਤਰਾਂ ਵਿੱਚ, ਅਤੇ ਸਮਾਨ ਉਦੇਸ਼ਾਂ ਦੇ ਨਾਲ ਖਰੈਤੀ ਜੱਥੇਬੰਦੀਆਂ ਨਾਲ ਸਹਿਯੋਗ ਦੇਣ ਲਈ ਆਪਣੀ ਮਹਾਰਤ ਵਰਤਦੇ ਹਾਂ। ਅਸੀਂ ਹਰ ਉਸ ਥਾਂ ਦੇ ਨਾਗਰਿਕ ਹਾਂ, ਜਿਥੇ ਅਸੀਂ ਕੰਮ ਕਰਦੇ ਹਾਂ ਅਤੇ ਜ਼ਰੂਰੀ ਸਿਹਤ ਮੁੱਦੇ ਜਿਹਨਾਂ ਵਿੱਚ ਸਾਫ਼ ਪਾਣੀ ਉਪਲਬਧ ਹੋਣ ਦੀ ਕਮੀ, ਮੌਖਿਕ ਦੇਖਭਾਲ ਤੱਕ ਪਹੁੰਚ ਅਤੇ ਰੋਕਥਾਮ ਕੀਤੀਆਂ ਜਾ ਸਕਣ ਵਾਲੀਆਂ ਬੀਮਾਰੀਆਂ ਦਾ ਫੈਲਣਾ ਸ਼ਾਮਲ ਹੈ, ਨੂੰ ਸੰਬੋਧਤ ਕਰਦੇ ਹਾਂ।

### ਅਸੀਂ ਸਥਾਨਕ ਸਹਾਇਤਾ ਅਤੇ ਸਵੈ-ਸੇਵਾ ਵਿੱਚ ਹਿੱਸਾ ਲੈਂਦੇ ਹਾਂ

ਦੁਨੀਆ ਭਰ ਵਿਚ ਇਹ ਸਾਡਾ ਉਦੇਸ਼ ਹੈ ਕਿ ਸਥਾਨਕ ਭਾਈਚਾਰੇ ਦੇ ਹੋਰ ਵਿਕਾਸ ਅਤੇ ਭਲਾਈ ਲਈ ਪ੍ਰੋਜੈਕਟਾਂ ਵਿਚ ਹਿੱਸਾ ਲਈਏ। ਅਜਿਹੇ ਪ੍ਰੋਜੈਕਟਾਂ ਵਿਚ ਸ਼ਾਮਿਲ ਹੈ, ਖਰੈਤੀ ਕੰਮਾਂ ਵਿਚ ਹਿੱਸਾ ਲੈਣਾ ਅਤੇ ਰਾਸ਼ਟਰੀ ਆਫ਼ਤਾਂ ਸਮੇਂ ਗ਼ਰੀਬ, ਜ਼ਖ਼ਮੀ ਅਤੇ ਬੇਘਰ ਲੋਕਾਂ ਦੀ ਮਦਦ ਦੀ ਜ਼ਿੰਮੇਵਾਰੀ ਨੂੰ ਲੈਣਾ। ਅਸੀਂ ਮੁਖ ਤੌਰ 'ਤੇ ਨੌਜਵਾਨਾਂ 'ਤੇ ਧਿਆਨ ਕੇਂਦ੍ਰਿਤ ਕਰਦੇ ਹਾਂ, ਵਿਸ਼ੇਸ਼ ਤੌਰ 'ਤੇ ਯੁਵਾ ਲੋਕਾਂ ਦੀ ਪੜ੍ਹਾਈ। ਕੋਲਗੇਟ ਦਾ ਮੰਨਣਾ ਹੈ ਕਿ ਬੱਚਿਆਂ ਲਈ ਅੱਜ ਕੀਤੇ ਗਏ ਨਿਵੇਸ਼, ਸਾਨੂੰ ਸਾਰਿਆਂ ਨੂੰ ਭਵਿੱਖ ਵਿਚ ਫ਼ਾਇਦਾ ਪਹੁੰਚਾਉਣਗੇ। ਇਹੀ ਕਾਰਨ ਹੈ ਕਿ ਕੰਪਨੀ ਦੁਨੀਆ ਭਰ ਵਿਚ ਸਿਖਿਆ ਦੇ ਪ੍ਰੋਗਰਾਮਾਂ, ਤਜਵੀਜ਼ ਦੇਣ ਦੀਆਂ ਪਹਿਲਕਦਮੀਆਂ, ਖੇਡ-ਮੁਕਾਬਲਿਆਂ ਅਤੇ ਨੌਜਵਾਨਾਂ ਨਾਲ ਸਬੰਧਿਤ ਹੋਰ ਸਰਗਰਮੀਆਂ ਨੂੰ ਸਪਾਂਸਰ ਕਰਦੀ ਹੈ। ਇਹ ਕੋਸ਼ਿਸ਼ਾਂ ਨੌਜਵਾਨਾਂ ਵਿਚ ਮੁਕਾਬਲੇਬਾਜ਼ੀ ਅਤੇ ਕੁਝ ਹਾਸਿਲ ਕਰਨ ਦੀ ਭਾਵਨਾ ਨੂੰ ਵਧਾਉਂਦੀਆਂ ਹਨ।

ਕੰਪਨੀ ਆਪਣੇ ਲੋਕਾਂ ਨੂੰ ਉਹਨਾਂ ਦੇ ਕੰਮ ਦੇ ਸਮੇਂ ਤੋਂ ਬਾਅਦ ਆਪਣੀ ਪਸੰਦ ਦੀਆਂ ਸਥਾਨਕ ਖਰੈਤੀ ਸਰਗਰਮੀਆਂ ਵਿਚ ਹਿੱਸਾ ਲੈਣ ਲਈ ਵੀ ਪ੍ਰੇਰਦੀ ਹੈ।

ਸਾਡਾ ਚਮਕੀਲੀ ਮੁਸਕਾਨ ਚਮਕੀਲਾ ਪ੍ਰੋਗਰਾਮ (Bright Smile Bright Future) ਕੋਲਗੇਟ ਨੂੰ ਸਾਡੇ ਰਹਿਣ ਵਾਲੇ ਅਤੇ ਕੰਮ ਕਰਦੇ ਭਾਈਚਾਰਿਆਂ ਵਿੱਚ ਅਹਿਮ ਪ੍ਰਭਾਵ ਪਾਉਣ ਦੇ ਯੋਗ ਬਣਾਉਂਦਾ ਹੈ।

**ਸਵਾਲ:**

ਕੀ ਮੈਂ ਇਕ ਸਥਾਨਕ ਸਿਆਸੀ ਮੁਹਿੰਮ ਉੱਤੇ ਕੰਮ ਕਰਨ ਲਈ ਵਾਲੰਟੀਅਰ ਦੀ ਤਰ੍ਹਾਂ ਆਪਣਾ ਸਮਾਂ ਦੇ ਸਕਦਾ/ਸਕਦੀ ਹਾਂ?

**ਜਵਾਬ:**

**ਹਾਂ।** ਹਾਲਾਂਕਿ, ਇਹ ਮਹੱਤਵਪੂਰਣ ਹੈ ਕਿ ਤੁਹਾਡੀਆਂ ਸਿਆਸੀ ਸਰਗਰਮੀਆਂ ਕਾਰਜ ਦੀ ਥਾਂ ਤੋਂ ਵੱਖਰੀਆਂ ਰਹਿਣ। ਕੰਪਨੀ ਸਿਆਸੀ ਯੋਗਦਾਨ ਨਹੀਂ ਪਾਉਂਦੀ ਅਤੇ ਕੰਪਨੀ ਦੁਆਰਾ ਪ੍ਰਦਾਨ ਕੀਤੇ ਕੋਈ ਸਾਧਨ (ਕੰਮ ਦੇ ਘੰਟਿਆਂ ਜਾਂ ਕੰਪਨੀ ਦੇ ਨਾਂ ਸਮੇਤ) ਇਹਨਾਂ ਨਿਜੀ ਸਰਗਰਮੀਆਂ ਵਿੱਚ ਵਰਤੇ ਨਹੀਂ ਜਾਣੇ ਚਾਹੀਦੇ।

### ਸਾਡੇ ਕਾਰੋਬਾਰ 'ਦੇ ਅਸਰ ਪਾਉਣ ਵਾਲੇ ਮੁੱਦਿਆਂ ਬਾਰੇ ਅਸੀਂ ਸਰਕਾਰਾਂ ਨਾਲ ਕੰਮ ਕਰਦੇ ਹਾਂ

ਸਾਡੀ ਕੰਪਨੀ 200 ਤੋਂ ਵੱਧ ਦੇਸ਼ਾਂ ਅਤੇ ਇਲਾਕਿਆਂ ਵਿੱਚ ਕਾਰੋਬਾਰ ਕਰਦੀ ਹੈ। ਇਹ ਸਾਡੀ ਨੀਤੀ ਹੈ ਕਿ ਸਥਾਨਕ ਅਤੇ ਰਾਸ਼ਟਰੀ ਸਰਕਾਰਾਂ ਨਾਲ ਮਿਲਵਰਤਨ ਨਾਲ ਕੰਮ ਕੀਤਾ ਜਾਏ। ਸਮੇਂ ਸਮੇਂ ਸਿਰ ਅਜਿਹੇ ਮੁੱਦੇ ਉਭਰ ਸਕਦੇ ਹਨ, ਜੋ ਸਾਡੇ ਕੰਮਾਂ ਨੂੰ ਪ੍ਰਭਾਵਿਤ ਕਰਦੇ ਹਨ। ਧਿਆਨ ਨਾਲ ਵਿਚਾਰ-ਚਰਚਾ ਤੋਂ ਬਾਅਦ, ਕੰਪਨੀ ਉਹਨਾਂ ਵਿਸ਼ੇਸ਼ ਮੁੱਦਿਆਂ ਬਾਰੇ ਆਪਣੇ ਕਾਰੋਬਾਰੀ ਟੀਚਿਆਂ ਅਤੇ ਜ਼ਰੂਰਤਾਂ ਦੀ ਮਦਦ ਲਈ ਸਰਕਾਰ ਨੂੰ ਆਪਣੀ ਰਾਇ ਅਤੇ ਸਿਫ਼ਾਰਸ਼ਾਂ ਪੇਸ਼ ਕਰ ਸਕਦੀ ਹੈ। ਹਾਲਾਂਕਿ, ਇਹ ਕਦੇ ਵੀ ਪਹਿਲੇ ਆਪਣੇ ਮੈਨੇਜਰ ਅਤੇ ਵਿਸ਼ਵ ਵਿਆਪੀ ਕਾਨੂੰਨੀ ਜੱਥੇਬੰਦੀ ਨਾਲ ਸਲਾਹ-ਮਸ਼ਵਰਾ ਕੀਤੇ ਬਿਨਾਂ ਨਹੀਂ ਹੋਣਾ ਚਾਹੀਦਾ।

## ਅਸੀਂ ਸ਼ੋਸ਼ਣ, ਅਣਮਨੁੱਖੀ ਕਿਰਤ ਵਿਹਾਰਾਂ ਦਾ ਵਿਰੋਧ ਕਰਦੇ ਹਾਂ

ਕੋਲਗੇਟ, ਬਾਲ ਕਿਰਤ ਦੀ ਨਾਜਾਇਜ਼ ਵਰਤੋਂ, ਮਨੁੱਖੀ ਸ਼ੋਸ਼ਣ ਅਤੇ ਕਿਰਤੀਆਂ ਦੇ ਅਪ੍ਰਵਾਣ ਵਿਹਾਰ ਦੇ ਹੋਰ ਸਾਰੇ ਰੂਪਾਂ ਦਾ ਵਿਰੋਧ ਕਰਦੀ ਹੈ। ਇਸ ਤੋਂ ਅਲਾਵਾ, ਕੋਲਗੇਟ ਦੀ ਇਹ ਨੀਤੀ ਹੈ ਕਿ ਉਹ ਅਜਿਹੇ ਕਿਸੇ ਵੀ ਸਪਲਾਇਰ ਜਾਂ ਠੇਕੇਦਾਰ ਨਾਲ ਕੰਮ ਨਹੀਂ ਕਰੇਗੀ, ਜਿਸ ਬਾਰੇ ਪਤਾ ਹੋਵੇ ਕਿ ਉਹ ਕਿਰਤੀਆਂ ਦੇ ਨਾਲ ਅਪ੍ਰਵਾਣ ਵਿਹਾਰ ਕਰਦਾ ਹੈ, ਜਿਸ ਵਿੱਚ ਸ਼ੋਸ਼ਣ, ਜਿਸਮਾਨੀ ਸਜ਼ਾ, ਬਦਸਲੂਕੀ, ਜ਼ਬਰਦਸਤੀ ਗੁਲਾਮੀ ਜਾਂ ਦੁਰਵਰਤੋਂ ਦੇ ਹੋਰ ਰੂਪ ਸ਼ਾਮਲ ਹਨ। ਕੋਲਗੇਟ ਹੋਰ ਕਿਰਤ ਕਾਨੂੰਨਾਂ ਦੀ ਕੋਈ ਵੀ ਉਲੰਘਣਾ ਨੂੰ ਪ੍ਰਵਾਣ ਨਹੀਂ ਕਰਦੀ, ਅਤੇ ਜੇ ਕਿਸੇ ਉਲੰਘਣਾ ਬਾਰੇ ਕੰਪਨੀ ਨੂੰ ਪਤਾ ਚੱਲਦਾ ਹੈ, ਤਾਂ ਇਹ ਕਾਰੋਬਾਰੀ ਸਬੰਧ ਖ਼ਤਮ ਕਰਨ ਦਾ ਅਧਾਰ ਮੰਨੇ ਜਾ ਸਕਦੇ ਹਨ।

## ਅਸੀਂ ਵਿਸ਼ਵ ਵਿਆਪੀ ਮਨੁੱਖੀ ਹੱਕਾਂ ਲਈ ਆਪਣੀ ਵਚਨਬੱਧਤਾ ਦਾ ਮੁਜ਼ਾਹਰਾ ਕਰਦੇ ਹਾਂ

ਕੋਲਗੇਟ ਦੁਨੀਆ ਭਰ ਵਿਚ ਮਨੁੱਖੀ ਹੱਕਾਂ ਅਤੇ ਕਿਰਤ ਹੱਕਾਂ ਦੀ ਰਾਖੀ ਦਾ ਸਤਿਕਾਰ ਕਰਨ ਲਈ ਲੰਮੇ ਸਮੇਂ ਲਈ ਵਚਨਬੱਧ ਹੈ ਅਤੇ ਮਨੁੱਖੀ ਅਧਿਕਾਰਾਂ ਦੀ ਯੂਨਾਈਟਿਡ ਨੇਸ਼ਨਸ ਦੀ ਵਿਸ਼ਵ ਵਿਆਪੀ ਘੋਸ਼ਣਾ ਦਾ ਸਮਰਥਨ ਕਰਦੀ ਹੈ। ਕੋਲਗੇਟ ਵਿਸ਼ਵ ਵਿਆਪੀ ਸੂਲੀਵੈਨ ਸਿਧਾਂਤਾਂ (Global Sullivan Principles) ਦੀ ਨੀਂਹ ਰੱਖਣ ਵਾਲੇ ਮੈਂਬਰਾਂ ਵਿੱਚੋਂ ਵੀ ਇੱਕ ਸੀ। ਇਸ ਪੱਖੋਂ, ਕੋਲਗੇਟ ਅਜਿਹੇ ਵਿਹਾਰ ਕਰਦੀ ਹੈ ਅਤੇ ਕਾਰੋਬਾਰੀ ਹਿੱਸੇਦਾਰਾਂ ਨਾਲ ਕੰਮ ਕਰਨਾ ਚਾਹੁੰਦੀ ਹੈ, ਜੋ ਹੇਠਾਂ ਦਿੱਤੇ ਮਿਆਰਾਂ ਨੂੰ ਪ੍ਰੇਰਦੇ ਹਨ:

- ਜਾਤ, ਰੰਗ, ਧਰਮ, ਲਿੰਗ, ਲਿੰਗਕ ਪਛਾਣ, ਰਾਸ਼ਟਰੀ ਮੂਲ, ਨਸਲੀ ਮੂਲ, ਉਮਰ, ਜਿਨਸੀ ਰੁਝਾਨ, ਅਪੰਗਤਾ, ਵਿਆਹੁਤਾ-ਦਰਜਾ, ਤਜਰਬਾਕਾਰ ਦਰਜਾ ਜਾਂ ਕਾਨੂੰਨ ਵਲੋਂ ਸੁਰੱਖਿਅਤ ਹੋਰ ਗੁਣ-ਲੱਛਣਾਂ ਨੂੰ ਧਿਆਨ ਵਿਚ ਰੱਖੇ ਬਿਨਾ ਸਾਰੇ ਪੱਧਰਾਂ 'ਤੇ ਸਾਰੇ ਮੁਲਾਜ਼ਮਾਂ ਲਈ ਬਰਾਬਰੀ ਦੇ ਮੌਕੇ;
- ਮਨੁੱਖੀ ਸਿਹਤ ਅਤੇ ਵਾਤਾਵਰਨ ਦੀ ਰਾਖੀ ਕਰਨ ਲਈ ਸੁਰੱਖਿਅਤ ਅਤੇ ਕੰਮ ਕਰਨ ਦੀ ਨਰੋਈ ਥਾਂ;
- ਮੁਲਾਜ਼ਮਾਂ ਨੂੰ ਮਜ਼ਦੂਰੀ ਦੇਣਾ, ਜੋ ਘੱਟੋ-ਘੱਟ ਉਹਨਾਂ ਦੀਆਂ ਬੁਨਿਆਦੀ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਉਚਿਤ ਹੋਣ ਅਤੇ ਮੁਲਾਜ਼ਮਾਂ ਨੂੰ ਆਪਣੀਆਂ ਮੁਹਾਰਤਾਂ ਅਤੇ ਸਮਰੱਥਾਵਾਂ ਵਿਚ ਸੁਧਾਰ ਕਰਨ ਦੇ ਮੌਕੇ ਦੇਣਾ; ਅਤੇ
- ਮੁਲਾਜ਼ਮਾਂ ਦੀ ਸੰਸਥਾ ਦੀ ਕਾਨੂੰਨੀ ਅਜ਼ਾਦੀ ਦਾ ਸਤਿਕਾਰ ਕਰਨਾ ਅਤੇ ਔਯਜਨ ਕਰਨ ਅਤੇ ਇਕੱਠੇ ਮਿਲ ਕੇ ਭਾਅ ਕਰਨ ਲਈ ਸਾਰੇ ਕਾਨੂੰਨੀ ਹੱਕਾਂ ਦੀ ਪਛਾਣ;



# ਵਾਤਾਵਰਨ ਨਾਲ ਸਾਡਾ ਰਿਸ਼ਤਾ

*ਕੋਲਗੇਟ ਲਈ ਇੱਕ ਸਾਫ਼-ਸੁਥਰਾ, ਨਰੋਆ ਵਾਤਾਵਰਨ ਅਹਿਮ ਹੈ, ਸਿਰਫ਼ ਇਸ ਲਈ ਨਹੀਂ ਕਿ ਇੰਜ ਕਰਨਾ ਸਹੀ ਹੈ, ਬਲਕਿ ਇਸ ਲਈ ਵੀ ਹੈ ਕਿ ਇਸ ਵਿਚ ਬਿਹਤਰ ਕਾਰੋਬਾਰੀ ਭਾਵਨਾ ਹੈ। ਅਸੀਂ ਧਰਤੀ ਦੇ ਸੀਮਿਤ ਸਾਧਨਾਂ ਦੀ ਰਾਖੀ ਕਰਨ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਆਪਣੇ ਗ੍ਰਹਿ ਦੀ ਭਲਾਈ ਨੂੰ ਕਾਇਮ ਰੱਖਣ ਵਿੱਚ ਮਦਦ ਲਈ ਆਪਣੇ ਹਿੱਸੇ ਦਾ ਕੰਮ ਕਰਨ ਲਈ ਵਚਨਬੱਧ ਹਾਂ।*

## ਅਸੀਂ ਜਾਰੀ ਰਹਿਣ ਯੋਗਤਾ ਅਤੇ ਸਮਾਜਕ ਜ਼ਿੰਮੇਵਾਰੀ ਲਈ ਵਚਨਬੱਧ ਹਾਂ

ਕੋਲਗੇਟ ਵਿਖੇ, ਅਸੀਂ ਜਾਰੀ ਰਹਿਣ ਯੋਗਤਾ 'ਤੇ ਉਹੀ ਖਾਸ ਧਿਆਨ ਲਿਆਉਂਦੇ ਹਾਂ ਜਿਸ ਨੂੰ ਅਸੀਂ ਸਾਡੇ ਕਾਰੋਬਾਰ ਦੇ ਹਰ ਪਹਿਲੂ 'ਤੇ ਲਾਗੂ ਕਰਦੇ ਹਾਂ। ਕੋਲਗੇਟ ਨੇ ਹਮੇਸ਼ਾ ਜਾਰੀ ਰਹਿਣ ਯੋਗਤਾ ਦੇ ਸਿਧਾਂਤਾਂ ਦਾ ਸਮਰਥਨ ਕੀਤਾ ਹੈ ਅਤੇ ਸਾਡੀਆਂ ਕਦਰਾਂ-ਕੀਮਤਾਂ - ਦੇਖਭਾਲ, ਵਿਸ਼ਵ ਵਿਆਪੀ ਟੀਮਵਰਕ ਅਤੇ ਲਗਾਤਾਰ ਸੁਧਾਰ - ਸਾਡੇ ਜਾਰੀ ਰਹਿਣ ਯੋਗਤਾ ਦੀਆਂ ਕੋਸ਼ਿਸ਼ਾਂ ਨੂੰ ਰਾਹ ਦਿਖਾਉਂਦੀਆਂ ਹਨ। ਸਾਡਾ ਧਿਆਨ ਲਗਾਤਾਰ ਲੋਕਾਂ, ਕਾਰਗੁਜ਼ਾਰੀ ਅਤੇ ਧਰਤੀ ਉੱਤੇ ਹੈ।

ਇਸ ਤੋਂ ਅਲਾਵਾ, ਅਸੀਂ ਭਵਿੱਖ ਵਿਚ ਆਉਣ ਵਾਲੀਆਂ ਪੀੜ੍ਹੀਆਂ ਦੀ ਭਲਾਈ ਨੂੰ ਵਧਾਵਾ ਦਿੰਦੇ ਹੋਏ ਆਪਣੀ ਵਿਸ਼ਵ ਵਿਆਪੀ ਸਥਿਰਤਾ ਦਾ ਉਦੇਸ਼ ਹਾਸਿਲ ਕਰਨ ਲਈ ਵਚਨਬੱਧ ਹਾਂ, ਜੋ ਯਕੀਨੀ ਬਣਾਉਂਦਾ ਹੈ ਕਿ ਕੋਲਗੇਟ ਦੇ ਵਪਾਰ ਦਾ ਲਗਾਤਾਰ ਅਤੇ ਜ਼ਿੰਮੇਵਾਰੀ ਨਾਲ ਵਿਕਾਸ ਹੋਵੇ ਅਤੇ ਉਹਨਾਂ ਲੋਕਾਂ ਤੱਕ ਲਾਭ ਪਹੁੰਚੇ, ਜਿਹਨਾਂ ਦੀ ਅਸੀਂ ਸੇਵਾ ਕਰਦੇ ਹਾਂ, ਜਿਸ ਵਿਚ ਵਿਸ਼ਵ ਵਿਆਪੀ ਤੌਰ 'ਤੇ ਸਾਡੇ ਮੁਲਾਜ਼ਮ, ਸਾਡੇ ਸ਼ੇਅਰਧਾਰਕ, ਸਾਡੇ ਖਪਤਕਾਰ, ਸਾਡੇ ਗਾਹਕ ਅਤੇ ਹੋਰ ਹਿੱਤਧਾਰਕ ਸ਼ਾਮਿਲ ਹਨ।

ਪਿਛਲੇ ਕੁਝ ਸਾਲਾਂ ਵਿਚ, ਜਾਰੀ ਰਹਿਣ ਯੋਗਤਾ ਅਤੇ ਸਮਾਜਕ ਜ਼ਿੰਮੇਦਾਰੀ ਪ੍ਰਤੀ ਸਾਡੀ ਵਚਨਬੱਧਤਾ ਵਿਚ ਵਾਧਾ ਹੋਇਆ ਹੈ, ਕਿਉਂਕਿ ਅਸੀਂ ਆਪਣਾ ਵਪਾਰ ਦੇ ਸੰਚਾਲਨ ਵਿੱਚ ਇਹਨਾਂ ਪਹਿਲਕਦਮੀਆਂ ਨੂੰ ਸੰਗਠਿਤ ਕੀਤਾ ਹੈ। ਇਸ ਸੰਗਠਿਤ ਪਹੁੰਚ ਨੇ ਸਾਡੀ ਜਾਰੀ ਰਹਿਣ ਯੋਗਤਾ ਅਤੇ ਸਮਾਜਕ ਜ਼ਿੰਮੇਵਾਰੀ ਦੀਆਂ ਪਹਿਲਕਦਮੀਆਂ ਅਤੇ ਸਾਡੇ ਕਾਰੋਬਾਰ ਦੀ ਕਾਰਗੁਜ਼ਾਰੀ ਨੂੰ ਮਜ਼ਬੂਤ ਕੀਤਾ ਹੈ, ਸਭ ਤੋਂ ਬਿਹਤਰ ਪ੍ਰਤਿਭਾ ਨੂੰ ਭਰਤੀ ਕਰਨ ਅਤੇ ਬਣਾਈ ਰੱਖਣ ਵਿਚ ਮਦਦ ਕੀਤੀ ਹੈ, ਸਾਡੇ ਹਿੱਤਧਾਰਕਾਂ ਦੇ ਨਾਲ ਸਾਡੇ ਸਬੰਧਾਂ ਨੂੰ ਵਧਾਉਣ ਅਤੇ ਕਾਢਾਂ ਲਈ ਨਵੇਂ ਮੌਕਿਆਂ ਦੀ ਪੇਸ਼ਕਸ਼ ਕੀਤੀ ਹੈ। ਸ਼ਾਇਦ ਸਭ ਤੋਂ ਅਹਿਮ ਗੱਲ ਇਹ ਹੈ ਕਿ ਇਸ ਵਚਨਬੱਧਤਾ ਨੇ ਦੁਨੀਆ ਭਰ ਵਿਚ ਕੋਲਗੇਟ ਨਾਲ ਕੰਮ ਕਰਨ ਵਾਲੇ ਲੋਕਾਂ ਨੂੰ ਉਤਸਾਹਿਤ ਅਤੇ ਸ਼ਾਮਿਲ ਕੀਤਾ ਹੈ।

ਕੰਪਨੀ ਦੇ ਜਾਰੀ ਰਹਿਣਯੋਗਤਾ ਪ੍ਰੋਗਰਾਮ ਅਤੇ ਪਹਿਲਕਦਮੀਆਂ ਬਾਰੇ ਵਧੇਰੀ ਜਾਣਕਾਰੀ ਲਈ, ਕਿਰਪਾ ਕਰਕੇ colgatepalmolive.com ਉੱਤੇ "ਜਾਰੀ ਰਹਿਣ ਯੋਗਤਾ: ਦੁਨੀਆ ਨੂੰ ਮੁਸਕਰਾਉਣ ਦੇ ਕਾਰਣ ਦੇਣਾ" ਸੈਕਸ਼ਨ ਨੂੰ ਦੇਖੋ।

## ਅਸੀਂ ਧਰਤੀ ਦੀ ਸੁਰੱਖਿਆ ਅਤੇ ਰਾਖੀ ਕਰਦੇ ਹਾਂ

ਕੰਪਨੀ ਧਰਤੀ ਦੇ ਸੀਮਿਤ ਸਾਧਨਾਂ ਨੂੰ ਬਚਾਉਣ ਅਤੇ ਸੁਰੱਖਿਅਤ ਰੱਖਣ ਵਿੱਚ ਮਦਦ ਲਈ ਸਾਡੇ ਹਿੱਸੇ ਦਾ ਕੰਮ ਕਰਨ ਲਈ ਵਚਨਬੱਧ ਹੈ। ਸਾਡੇ ਧਰਤੀ ਨਾਲ ਜੁੜੇ ਇਕਰਾਰ ਸਾਡੀ ਊਰਜਾ ਦੀ ਵਰਤੋਂ, ਕਾਰਬਨ ਨਿਕਾਸ, ਪਾਣੀ ਦੀ ਵਰਤੋਂ ਅਤੇ ਪਾਣੀ ਦੇ ਨਿਪਟਾਨ ਦੇ ਆਲੇ-ਦੁਆਲੇ ਘੁੰਮਦੇ ਹਨ। ਇਸ ਲਈ, ਸਾਨੂੰ ਹਰੇਕ ਨੂੰ ਵਾਤਾਵਰਨ ਸਬੰਧੀ ਲਾਗੂ ਕਾਨੂੰਨਾਂ ਅਤੇ ਨੇਮਾਂ ਅਤੇ ਉਹਨਾਂ ਵਲੋਂ ਪੇਸ਼ ਕੀਤੀਆਂ ਗਈਆਂ ਸਾਰਵਜਨਿਕ ਨੀਤੀਆਂ ਦੀ ਇੰਨ-ਬਿੰਨ ਅਤੇ ਭਾਵਨਾ ਦੀ ਸਖ਼ਤੀ ਨਾਲ ਪਾਲਣਾ ਕਰਨੀ ਚਾਹੀਦੀ ਹੈ।

ਅਸੀਂ ਜਨਤਾ ਨਾਲ ਖੁੱਲ੍ਹੇ ਦਿਲ ਨਾਲ ਗੱਲਬਾਤ ਕਰਨ ਨੂੰ ਵਧਾਵਾ ਦਿੰਦੇ ਹਾਂ ਅਤੇ ਉਨ੍ਹਾਂ ਭਾਈਚਾਰਿਆਂ ਨਾਲ ਸਰਗਰਮ ਅਤੇ ਉਤਪਾਦਕਤਾ ਵਾਲੀ ਹਿੱਸੇਦਾਰੀ ਨੂੰ ਕਾਇਮ ਰੱਖਦੇ ਹਾਂ ਜਿੰਨਾਂ ਵਿੱਚ ਅਸੀਂ ਕੰਮ ਕਰਦੇ ਹਾਂ। ਅਸੀਂ ਖਪਤਕਾਰਾਂ ਨਾਲ ਆਪਣੀ ਵਾਤਾਵਰਨ ਸਬੰਧੀ ਰਣਨੀਤੀ ਅਤੇ ਪ੍ਰੋਗਰਾਮਾਂ ਅਤੇ ਭਾਈਚਾਰੇ ਦੇ ਆਗੂਆਂ ਨਾਲ ਕੰਮ ਕਰਨ ਅਤੇ ਹੋਰ ਸਾਰੇ, ਜੋ ਸਾਡੇ ਵਾਤਾਵਰਨ ਦੀ ਰਾਖੀ ਲਈ ਵਚਨਬੱਧ ਹਨ, ਦੇ ਨਾਲ ਜਾਣਕਾਰੀ ਲਗਾਤਾਰ ਸਾਂਝੀ ਕਰਦੇ ਰਹਾਂਗੇ।

ਸਾਡੇ ਵਾਤਾਵਰਨ ਸਬੰਧੀ ਅਸਰਾਂ ਨੂੰ ਘੱਟ ਕਰਨ ਵਾਲੀ, ਹਮੇਸ਼ਾ ਜਾਰੀ ਰਹਿਣ ਵਾਲੀ ਰਣਨੀਤੀ ਉਤਪਾਦਨ, ਪੈਕੇਜਿੰਗ, ਵੰਡ ਅਤੇ ਸਾਡੇ ਉਤਪਾਦਾਂ ਦੀ ਮਾਰਕੀਟਿੰਗ ਦਾ ਇੱਕ ਅਟੁੱਟ ਹਿੱਸਾ ਹੋਏਗੀ।

ਕੋਲਗੇਟ ਨਾਲ ਕੰਮ ਕਰਨ ਵਾਲੇ ਲੋਕੀਂ "ਵਾਤਾਵਰਨ, ਕਾਰੋਬਾਰੀ ਸਿਹਤ ਅਤੇ ਸੁਰੱਖਿਆ ਨੀਤੀ ਕਥਨ," ਉੱਤੇ ਕੰਪਨੀ ਦੀਆਂ ਸੇਧਾਂ ਦਾ ਹਵਾਲਾ ਲੈ ਕੇ ਵਧੀਕ ਜਾਣਕਾਰੀ ਹਾਸਲ ਕਰ ਸਕਦੇ ਹਨ, ਜੋ ourcolgate.com ਉੱਤੇ ਕੰਪਨੀ ਦੇ ਕਾਰੋਬਾਰੀ ਅਭਿਆਸ ਸੇਧਾਂ ਦੇ ਪਾਠ 18 ਵਿੱਚ ਮਿਲ ਸਕਦੀ ਹੈ।

# ਸ਼ੇਅਰਧਾਰਕਾਂ ਨਾਲ ਸਾਡਾ ਰਿਸ਼ਤਾ




*ਅਸੀਂ ਆਪਣੇ ਸ਼ੇਅਰਧਾਰਕਾਂ ਦੇ ਬਿਹਤਰੀਨ ਹਿੱਤਾਂ ਲਈ ਅਤੇ ਸ਼ੇਅਰਧਾਰਕ ਮੁੱਲ ਬਣਾਉਣ ਵਿਚ ਮਦਦ ਲਈ ਕੋਸ਼ਿਸ਼ ਕਰਦੇ ਹਾਂ।*

## ਅਸੀਂ ਸ਼ੇਅਰਧਾਰਕ ਮੁੱਲ ਦੀ ਰਾਖੀ ਲਈ ਚੰਗੇ ਕਾਰਪੋਰੇਟ ਸੰਚਾਲਨ ਨੂੰ ਬਹਾਲ ਰੱਖਦੇ ਹਾਂ

ਕੰਪਨੀ ਦੀਆਂ ਕਾਰਪੋਰੇਟ ਨੂੰ ਚਲਾਉਣ ਵਾਲੀਆਂ ਨੀਤੀਆਂ ਅਤੇ ਪ੍ਰੋਗਰਾਮ, ਜਿਸਦਾ ਮੁੱਖ ਧੁਰਾ ਵਿਹਾਰ ਸੰਹਿਤਾ ਜ਼ਾਬਤਾ ਹੈ, ਸ਼ੇਅਰਧਾਰਕਾਂ ਦੀ ਸੁਰੱਖਿਆ ਲਈ ਅਹਿਮ ਹੋਣ ਵਜੋਂ ਕੰਮ ਕਰਦੇ ਹਨ। ਹਾਲੀਆ ਸਾਲਾਂ ਵਿਚ, ਕਾਂਗ੍ਰੇਸ, SEC, ਨਿਊ ਯਾੱਰਕ ਸ਼ੇਅਰ ਬਜ਼ਾਰ (New York Stock Exchange) ਅਤੇ ਦੁਨੀਆ ਭਰ ਦੇ ਹੋਰ ਰੈਗੂਲੇਟਰਾਂ ਅਤੇ ਅਫ਼ਸਰਾਂ ਵਲੋਂ ਨੈਤਿਕ ਕਾਰਪੋਰੇਟ ਦੇ ਵਿਹਾਰ ਨੂੰ ਉਤਸਾਹ ਦੇਣ ਲਈ ਕਈ ਜਾਂਚਾਂ ਅਤੇ ਬੈਲੇਂਸ ਲਾਗੂ ਕੀਤੇ ਗਏ ਹਨ, ਜਿਹੜੇ ਕੋਲਗੇਟ ਵਿਚ ਕਈ ਸਾਲਾਂ ਤੋਂ ਮਿਆਰੀ ਵਿਹਾਰ ਰਹੇ ਹਨ। ਸਾਡੇ ਸ਼ੇਅਰਧਾਰਕ, ਸੁਤੰਤਰ ਬੋਰਡ ਵਲੋਂ, ਜੋ ਸੁਤੰਤਰ ਡਾਇਰੈਕਟਰਾਂ ਅਤੇ ਸੁਤੰਤਰ ਕਮੇਟੀਆਂ ਦੇ ਢੁਕਵੇਂ ਬਹੁਮਤ ਨਾਲ ਬਣੇ ਹਨ, ਆਪਣਾ ਕੰਮ ਚੰਗੀ ਤਰ੍ਹਾਂ ਨਿਭਾਉਂਦੇ ਹਨ, ਇਹ ਲੋਕ ਆੱਡਿਟ, ਮੁਆਵਜ਼ੇ ਅਤੇ ਪ੍ਰਸ਼ਾਸਨ ਦੇ ਮਾਮਲੇ ਵੇਖਦੇ ਹਨ। ਅਕਸਰ ਸੋਧੇ ਜਾਣ ਵਾਲੇ ਕਮੇਟੀ ਚਾਰਟਰ ਅਤੇ ਚਲਾਉਣ ਸਬੰਧੀ ਸੇਧਾਂ ਸਪਸ਼ਟ ਤੌਰ 'ਤੇ ਡਾਇਰੈਕਟਰਾਂ ਦੀ ਭੂਮਿਕਾ ਅਤੇ ਕੰਪਨੀ ਕਾਰਪੋਰੇਟ ਚਲਾਉਣ ਦੇ ਸਿਧਾਂਤਾਂ ਨੂੰ ਪਰਿਭਾਸ਼ਤ ਕਰਦੀਆਂ ਹਨ।

ਕੰਪਨੀ ਦੇ ਕਾਰਪੋਰੇਟ ਚਲਾਉਣ ਸਬੰਧੀ ਪ੍ਰੋਗਰਾਮ ਬਾਰੇ ਵਧੇਰੀ ਜਾਣਕਾਰੀ ਲਈ ਲਈ, ਕਿਰਪਾ ਕਰਕੇ "ਕਾਰਪੋਰੇਟ ਚਲਾਉਣ ਸਬੰਧੀ ਅਹਿਮ ਮੁੱਦਿਆਂ ਬਾਰੇ ਕੋਲਗੇਟ ਦੀਆਂ ਸੇਧਾਂ" ਅਤੇ ਕੰਪਨੀ ਦੀ ਆੱਡਿਟ ਕਮੇਟੀ, ਨਾਮਜ਼ਦਗੀਆਂ ਅਤੇ ਕਾਰਪੋਰੇਟ ਚਲਾਉਣ ਬਾਰੇ ਕਮੇਟੀ, ਅਮਲਾ ਅਤੇ ਸੰਸਥਾ ਕਮੇਟੀ ਅਤੇ ਮਾਲੀ ਕਮੇਟੀ ਦੇ ਚਾਰਟਰ, ਇਹ ਸਾਰੇ colgatepalmolive.com 'ਤੇ ਉਪਲਬਧ ਹਨ।

## ਅਸੀਂ ਨਿਵੇਸ਼ਕਾਂ ਦਾ ਭਰੋਸਾ ਵਧਾਉਣ ਲਈ ਮਜ਼ਬੂਤ ਆੱਡਿਟ ਪ੍ਰੋਗਰਾਮਾਂ ਨੂੰ ਬਹਾਲ ਰੱਖਦੇ ਹਾਂ

ਕੰਪਨੀ ਆਪਣੀਆਂ ਮਾਲੀ ਰਿਪੋਰਟਾਂ ਦੀ ਕੁਆਲਿਟੀ, ਖਰਿਆਈ ਅਤੇ ਪਾਰਦਰਸ਼ਿਤਾ ਪ੍ਰਤੀ ਵਚਨਬੱਧ ਹੈ। ਇਹ ਵਚਨਬੱਧਤਾ ਕੰਪਨੀ ਦੀਆਂ ਲੰਮੀ ਮਿਆਦ ਦੀਆਂ ਨੀਤੀਆਂ ਅਤੇ ਅਮਲਾਂ ਵਿਚ ਝਲਕਦੀ ਹੈ, ਜਿਸ ਵਿਚ ਸ਼ਾਮਿਲ ਹਨ, ਦੁਨੀਆ ਭਰ ਵਿਚ ਅੰਦਰੂਨੀ ਆੱਡਿਟ ਸਮੂਹ ਵਲੋਂ ਮਾਲੀ ਕੰਟਰੋਲਾਂ ਦੀ ਨਿਗਰਾਨੀ ਕਰਨਾ, ਸੁਤੰਤਰ ਆੱਡੀਟਰਾਂ ਦਾ ਵਿਆਪਕ ਆਦੇਸ਼, ਅਤੇ ਇੱਕ ਸੁਤੰਤਰ ਆੱਡਿਟ ਕਮੇਟੀ, ਜੋ ਇਹਨਾਂ ਖੇਤਰਾਂ ਦਾ ਨਿਰੀਖਣ ਕਰਦੀ ਹੈ। ਇਹਨਾਂ ਸਾਧਨਾਂ ਦੇ ਅਸਰਾਂ ਨੂੰ ਵਧਾਉਣ ਲਈ, ਕੋਲਗੇਟ ਨਾਲ ਕੰਮ ਕਰਨ ਵਾਲੇ ਲੋਕਾਂ ਕੋਲੋਂ ਖੁਲ੍ਹੇ ਦਿਲ ਵਾਲੀ ਅਤੇ ਇਮਾਨਦਾਰ ਗੱਲਬਾਤ ਵਿੱਚ ਸ਼ਾਮਲ ਹੋਣ ਅਤੇ ਅੰਦਰੂਨੀ ਅਤੇ ਬਾਹਰੀ ਆੱਡੀਟਰਾਂ ਅਤੇ ਆੱਡਿਟ ਕਮੇਟੀ ਦੇ ਨਾਲ ਜਾਣਕਾਰੀ ਦੇ ਨਿਰਵਿਘਨ ਆਦਾਨ-ਪ੍ਰਦਾਨ ਦੀ ਉਮੀਦ ਕੀਤੀ ਜਾਂਦੀ ਹੈ।

ਕੰਪਨੀ ਦੇ ਅੰਦਰੂਨੀ ਆੱਡੀਟਰਾਂ, ਸੁਤੰਤਰ ਆੱਡੀਟਰਾਂ ਅਤੇ ਆੱਡਿਟ ਕਮੇਟੀ ਦੀ ਅਹਿਮ ਭੂਮਿਕਾ ਸਬੰਧੀ ਵਧੇਰੀ ਜਾਣਕਾਰੀ ਲਈ, ਕਿਰਪਾ ਕਰਕੇ "ਆੱਡਿਟ ਕਮੇਟੀ ਦਾ ਚਾਰਟਰ," ਵੇਖੋ, ਜੋ ਕਿ colgatepalmolive.com 'ਤੇ ਉਪਲਬਧ ਹੈ।

## ਅਸੀਂ ਸ਼ੇਅਰਧਾਰਕਾਂ ਨੂੰ ਕੰਪਨੀ ਦੀ ਪ੍ਰਗਤੀ ਬਾਰੇ ਜਾਣੂ ਰੱਖਦੇ ਹਾਂ

ਹਰ ਸਾਲ ਸ਼ੇਅਰਧਾਰਕਾਂ ਨੂੰ ਕੰਪਨੀ ਦੀ ਸਲਾਨਾ ਮੀਟਿੰਗ ਵਿਚ ਹਿੱਸਾ ਲੈਣ ਲਈ ਸੱਦਾ ਦਿੱਤਾ ਜਾਂਦਾ ਹੈ, ਜਿਸ ਵਿਚ ਪਿਛਲੇ ਸਾਲ ਦੌਰਾਨ ਕੰਪਨੀ ਦੀ ਪ੍ਰਗਤੀ ਦਾ ਜਾਇਜ਼ਾ ਲਿਆ ਜਾਂਦਾ ਹੈ ਅਤੇ ਸ਼ੇਅਰਧਾਰਕਾਂ ਕੋਲ ਕੰਪਨੀ ਦੇ ਸੀਨੀਅਰ ਪ੍ਰਬੰਧਕਾਂ ਤੋਂ ਸਵਾਲ ਪੁੱਛਣ ਦਾ ਮੌਕਾ ਹੁੰਦਾ ਹੈ। ਵਿਚਕਾਰਲੇ ਮਹੀਨਿਆਂ ਵਿਚ, ਸ਼ੇਅਰਧਾਰਕ ਕੰਪਨੀ ਦੀ ਵੇਬਸਾਈਟ colgatepalmolive.com 'ਤੇ ਜਾ ਸਕਦੇ ਹਨ।



# ਪਾਲਣਾ ਲਈ ਜ਼ਿੰਮੇਵਾਰੀ

*ਲਿਖਤੀ ਵਿਹਾਰ ਸੰਹਿਤਾ ਹੋਣਾ ਹੀ ਕਾਫ਼ੀ ਨਹੀਂ ਹੈ - ਵਿਹਾਰ ਦੇ ਮਿਆਰਾਂ ਨੂੰ ਉੱਚੇ ਚੁੱਕ ਕੇ ਰੱਖਣਾ ਕੋਲਗੇਟ ਵਿਖੇ ਕੰਮ ਕਰਦੇ ਸਾਰੇ ਲੋਕਾਂ ਦੀ ਜ਼ਿੰਮੇਵਾਰੀ ਹੈ, ਅਤੇ ਸਾਡਾ ਨਿਜੀ ਵਿਹਾਰ ਸਾਡੇ ਉਚੇਰੇ ਨੈਤਿਕਤਾ ਮਿਆਰਾਂ ਦੇ ਸਾਡੇ ਇਕਰਾਰ ਵਿੱਚ ਲਾਜ਼ਮੀ ਤੌਰ 'ਤੇ ਝਲਕਣਾ ਚਾਹੀਦਾ ਹੈ।*

## ਸੰਚਾਰ ਅਤੇ ਖੁਲਾਸਾ ਜ਼ਰੂਰੀ ਹਨ

ਕੋਲਗੇਟ ਨਾਲ ਨੌਕਰੀ ਪ੍ਰਵਾਨ ਕਰਨ ਦੇ ਨਾਲ, ਸਾਡੇ ਵਿਚੋਂ ਹਰ ਵਿਅਕਤੀ ਸਾਰੇ ਕਾਨੂੰਨਾਂ ਅਤੇ ਅਤੇ ਨੇਮਾਂ ਅਤੇ ਕਾਰੋਬਾਰੀ ਵਿਹਾਰ ਸਬੰਧੀ ਸੇਧਾਂ ਵਿਚ ਸ਼ਾਮਿਲ ਜ਼ਿਆਦਾ ਵਿਸਥਾਰ ਵਾਲੀਆਂ ਸੇਧਾਂ ਅਤੇ ਹੋਰ ਨੀਤੀਆਂ, ਅਮਲਾਂ ਅਤੇ ਸਾਡੀ ਕੰਪਨੀ ਅਤੇ ਉਸਦੀਆਂ ਸਹਾਇਕ ਕੰਪਨੀਆਂ, ਕੰਮ ਕਰ ਰਹੀਆਂ ਯੂਨਿਟਾਂ ਅਤੇ ਡਿਵੀਜ਼ਨਾਂ ਵਲੋਂ ਤਿਆਰ ਸੇਧਾਂ ਵਿਚ ਵਿਹਾਰ ਦੇ ਇਹਨਾਂ ਮਿਆਰਾਂ ਦੀ ਪਾਲਣਾ ਲਈ ਜਵਾਬਦੇਹ ਹੋ ਜਾਂਦਾ ਹੈ। ਮੈਨੇਜਰਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਆਪਣੇ ਨਾਲ ਕੰਮ ਕਰਨ ਵਾਲਿਆਂ ਨੂੰ ਇਹਨਾਂ ਮਿਆਰਾਂ ਬਾਰੇ ਦੱਸਣ, ਇਹ ਯਕੀਨੀ ਬਣਾਉਣ ਕਿ ਉਹ ਇਹਨਾਂ ਨੂੰ ਸਮਝਣ ਅਤੇ ਇਸਦੀ ਪਾਲਣਾ ਕਰਨ ਅਤੇ ਇੱਕ ਅਜਿਹਾ ਮਾਹੌਲ ਸਿਰਜਣ, ਜਿਸ ਵਿਚ ਲੋਕ ਨੈਤਿਕਤਾ ਅਤੇ ਕਾਨੂੰਨੀ ਮਾਮਲਿਆਂ ਬਾਰੇ ਸੁਤੰਤਰਤਾ ਨਾਲ ਗੱਲਬਾਤ ਕਰ ਸਕਣ।

## ਜੇ ਤੁਹਾਨੂੰ ਨਿਰਦੇਸ਼ਨ ਚਾਹੀਦਾ ਹੈ ਤਾਂ ਸਾਡੇ ਕੋਲ ਤੁਹਾਡੀ ਮਦਦ ਕਰਨ ਲਈ ਅੰਦਰੂਨੀ ਸਾਧਨ ਹਨ

ਸੰਹਿਤਾ ਸਾਰੇ ਸੁਆਲਾਂ ਦੇ ਪੱਕੇ ਜਵਾਬ ਨਹੀਂ ਦੇ ਸਕਦੀ। ਇਸ ਲਈ ਕੰਪਨੀ ਦੇ ਉੱਚ ਮਿਆਰਾਂ ਦੀ ਪਾਲਣਾ ਕਰਨ ਲਈ ਸਾਨੂੰ ਆਖ਼ਰਕਾਰ ਹਰ ਵਿਅਕਤੀ ਦੀ ਉਚਿਤ ਭਾਵਨਾ 'ਤੇ ਲਾਜ਼ਮੀ ਤੌਰ 'ਤੇ ਭਰੋਸਾ ਕਰਨਾ ਚਾਹੀਦਾ ਹੈ, ਜਿਸ ਵਿਚ ਇਹ ਭਾਵਨਾ ਵੀ ਸ਼ਾਮਿਲ ਹੈ ਕਿ ਢੁਕਵੇਂ ਵਿਹਾਰ ਦੇ ਅਮਲ ਉੱਤੇ ਲਈ ਸੇਧ ਦੀ ਮੰਗ ਕਰਨਾ ਕਦੋਂ ਉਚਿਤ ਹੈ। ਜੇ ਸੰਹਿਤਾ ਵਿੱਚ ਚਰਚਾ ਕੀਤੀ ਕਿਸੇ ਸਮੱਗਰੀ ਬਾਰੇ ਤੁਹਾਡੇ ਕੋਈ ਸਵਾਲ ਹਨ ਜਾਂ ਜੇ ਤੁਹਾਨੂੰ ਖਾਸ ਸਥਿਤੀ ਵਿੱਚ ਸਭ ਤੋਂ ਵਧੀਆ ਕਾਰਵਾਈ ਦੇ ਅਮਲ ਬਾਰੇ ਸ਼ੱਕ ਹੈ ਤਾਂ ਕਿਰਪਾ ਕਰਕੇ ਹੇਠਾਂ ਵਰਣਨ ਮੁਤਾਬਕ ਸੇਧ ਦੀ ਖੋਜ ਕਰੋ।

## ਜੇ ਮੈਨੂੰ ਮਦਦ ਚਾਹੀਦੀ ਹੈ ਤਾਂ ਮੈਂ ਕਿੱਥੇ ਜਾਂਵਾ?

ਮੁਲਾਜ਼ਮ

→ **ਕਾਨੂੰਨੀ**

ਕਿਸੇ ਅਨੁਪਾਲਣ ਸਵਾਲਾਂ ਦੇ ਨਾਲ ਜਾਂ ਕਾਨੂੰਨਾਂ, ਨੇਮਾਂ ਦੀ ਵਿਆਖਿਆ ਜਾਂ ਸੰਹਿਤਾ ਅਤੇ ਕਾਰੋਬਾਰੀ ਅਮਲਾਂ ਦੇ ਸੇਧਾਂ ਸਮੇਤ ਕੰਪਨੀ ਦੀਆਂ ਨੀਤੀਆਂ ਦੇ ਨਾਲ ਸਲਾਹ ਜਾਂ ਮਦਦ ਪ੍ਰਾਪਤ ਕਰਨ ਲਈ ਵਿਸ਼ਵ ਵਿਆਪੀ ਕਾਨੂੰਨੀ ਜੱਥੇਬੰਦੀ ਦੇ ਇੱਕ ਮੈਂਬਰ ਨਾਲ ਸੰਪਰਕ ਕਰੋ।

→ **ਵਿਸ਼ਵ ਵਿਆਪੀ ਨੈਤਿਕਤਾ ਅਤੇ ਪਾਲਣਾ**

ਤੁਹਾਨੂੰ ਸਵਾਲ ਪੁੱਛਣ ਲਈ, ਇਸ ਉੱਤੇ ਸੇਧ ਲਈ ਕਿ ਸੰਹਿਤਾ ਕਿਸੇ ਵਿਸ਼ੇਸ਼ ਸਥਿਤੀ ਲਈ ਕਿਵੇਂ ਲਾਗੂ ਹੁੰਦੀ ਹੈ ਜਾਂ ਕਿਸੇ ਸੰਭਾਵੀ ਉਲੰਘਣਾ ਬਾਰੇ "ਬੋਲਣ" ਲਈ, EthicsLine ਰਾਹੀਂ ਵਿਸ਼ਵ ਵਿਆਪੀ ਨੈਤਿਕਤਾ ਅਤੇ ਪਾਲਣਾ ਦੇ ਨਾਲ ਸੰਪਰਕ ਕਰਨ ਲਈ ਪ੍ਰੇਰਿਆ ਜਾਂਦਾ ਹੈ।

→ **ਮਨੁੱਖੀ ਸਾਧਨ**

ਤੁਹਾਡਾ ਸਥਾਨਕ ਮਨੁੱਖੀ ਸਾਧਨਾਂ ਦਾ ਨੁਮਾਇੰਦਾ ਨੈਤਿਕਤਾ ਦੁਚਿੱਤੀਆਂ ਬਾਰੇ ਸਲਾਹ ਅਤੇ ਪਰਾਮਰਸ਼ ਲਈ ਇੱਕ ਹੋਰ ਮੁੱਲਵਾਨ ਸਾਧਨ ਹੈ।

→ **ਤੁਹਾਡਾ ਮੈਨੇਜਰ**

ਨੈਤਿਕਤਾ ਸੰਬੰਧੀ ਚਿੰਤਾਵਾਂ ਜਾਂ ਸਵਾਲਾਂ ਦੀ ਚਰਚਾ ਕਰਨ ਲਈ ਆਪਣੇ ਮੈਨੇਜਰ ਜਾਂ ਆਪਣੀ ਜੱਥੇਬੰਦੀ ਦੀ ਅਗਵਾਨੀ ਟੀਮ ਦੇ ਇਕ ਸਦੱਸ ਨਾਲ ਗੱਲ ਕਰੋ। ਜੇ ਉਹ ਤੁਹਾਡੀ ਮਦਦ ਕਰਨ ਵਿੱਚ ਅਸਮਰੱਥ ਹੁੰਦੇ ਹਨ, ਤਾਂ ਉਹ ਤੁਹਾਨੂੰ ਢੁਕਵੇਂ ਸਾਧਨ ਕੋਲ ਭੇਜ ਦੇਣਗੇ। ਨਾਲ ਹੀ, ਜੇ ਤੁਸੀਂ ਆਪਣੇ ਮੈਨੇਜਰ ਨਾਲ ਗੱਲ ਕਰਨ ਵਿੱਚ ਸੁਖਾਵੇਂ ਨਹੀਂ ਹੋ ਤਾਂ ਤੁਸੀਂ ਮਨੁੱਖੀ ਸਾਧਨਾਂ, ਵਿਸ਼ਵ ਵਿਆਪੀ ਨੈਤਿਕਤਾ ਅਤੇ ਪਾਲਣਾ ਕੋਲ ਜਾ ਸਕਦੇ ਹੋ।

| **ਸਵਾਲ:** | **ਜਵਾਬ:** |
| --- | --- |
| ਇਕ ਮੈਨੇਜਰ ਦੇ ਤੌਰ 'ਤੇ, ਮੈਨੂੰ ਕੀ ਕਰਨਾ ਚਾਹੀਦਾ ਹੈ ਜੇ ਮੇਰੇ ਟੀਮ ਮੈਂਬਰਾਂ ਵਿੱਚੋਂ ਇੱਕ "ਬੋਲਦਾ ਹੈ" ਅਤੇ ਚਿੰਤਾ ਪੇਸ਼ ਕਰਦਾ ਹੈ? | ਇਕ ਆਗੂ ਵਜੋਂ, ਤੁਹਾਥੋਂ ਦੂਜਿਆਂ ਨੂੰ ਖੁੱਲ ਕੇ ਅਤੇ ਇਮਾਨਦਾਰੀ ਨਾਲ ਬੋਲਣ ਅਤੇ ਮੁੱਦੇ, ਇੱਥੋਂ ਤੱਕ ਕਿ ਨਾਜ਼ੁਕ ਵੀ, ਪੇਸ਼ ਕਰਨ ਦੀ ਉਮੀਦ ਕੀਤੀ ਜਾਂਦੀ ਹੈ। ਜਦੋਂ ਇਕ ਟੀਮ ਮੈਂਬਰ ਕੋਈ ਚਿੰਤਾ ਪੇਸ਼ ਕਰਦਾ ਹੈ ਜਾਂ ਤੁਹਾਡੇ ਕੋਲੋਂ ਮਦਦ ਮੰਗਦਾ ਹੈ ਤਾਂ ਤੁਹਾਨੂੰ ਵਾਸਤਵਿਕ, ਨਿਰਪੱਖ ਅਤੇ ਜਵਾਬੀ ਹੋਣਾ ਚਾਹੀਦਾ ਹੈ। ਕੰਪਨੀ ਦੇ ਨੈਤਿਕ ਮਿਆਰਾਂ ਵੱਲ ਆਪਣੇ ਇਕਰਾਰ ਦਾ ਮੁਜ਼ਾਹਰਾ ਕਰਨ ਲਈ ਟੀਮ ਮੈਂਬਰ ਦਾ ਧੰਨਵਾਦ ਕਰੋ। ਭਾਵੇਂ ਕਿ ਤੁਸੀਂ ਟੀਮ ਮੈਂਬਰ ਨੂੰ ਤੁਰੰਤ ਜਵਾਬ ਪ੍ਰਦਾਨ ਕਰਨ ਲਈ ਤਿਆਰ ਨਾ ਹੋਵੋ, ਇਹ ਹੋਰ ਸਾਧਨਾਂ ਜਿਵੇਂ ਕਿ ਮਨੁੱਖੀ ਸਾਧਨਾਂ, ਵਿਸ਼ਵ ਵਿਆਪੀ ਕਾਨੂੰਨੀ ਜੱਥੇਬੰਦੀ ਜਾਂ ਵਿਸ਼ਵ ਵਿਆਪੀ ਨੈਤਿਕਤਾ ਅਤੇ ਪਾਲਣਾ ਦੇ ਨਾਲ ਲੀਵਰੇਜ ਕਰਨ ਦਾ ਮੌਕਾ ਹੁੰਦਾ ਹੈ, ਤਾਂ ਜੋ ਟੀਮ ਮੈਂਬਰ ਨੂੰ ਢੁਕਵੀ ਸੇਧ ਪ੍ਰਦਾਨ ਕਰਨ ਵਿੱਚ ਤੁਹਾਨੂੰ ਮਦਦ ਮਿਲੇ। |

## ਅਸੀਂ ਢੁਕਵੇਂ ਸਾਧਨਾਂ ਤੱਕ ਚਿੰਤਾਵਾਂ ਰਿਪੋਰਟ ਕਰਨ ਵਾਸਤੇ "ਆਵਾਜ਼ ਉਠਾਉਂਦੇ ਹਾਂ"

ਜੇ ਤੁਸੀਂ ਜਾਣਦੇ ਹੋ, ਜਾਂ ਤੁਹਾਡੇ ਕੋਲ ਵਿਹਾਰ ਸੰਹਿਤਾ ਜਾਂ ਕੰਪਨੀ ਦੀਆਂ ਹੋਰ ਸੇਧਾਂ ਦੀ ਉਲੰਘਣਾ ਬਾਰੇ ਸ਼ੱਕ ਕਰਨ ਦਾ ਢੁਕਵਾਂ ਕਾਰਨ ਹੈ, ਤਾਂ ਤੁਹਾਨੂੰ ਉਸ ਜਾਣਕਾਰੀ ਬਾਰੇ ਫ਼ੌਰਨ ਆਪਣੇ ਮੈਨੇਜਰ, ਮਨੁੱਖੀ ਸਾਧਨਾਂ, ਵਿਸ਼ਵ ਵਿਆਪੀ ਨੈਤਿਕਤਾ ਅਤੇ ਪਾਲਣਾ, ਵਿਸ਼ਵ ਵਿਆਪੀ ਕਾਨੂੰਨੀ ਜਥੇਬੰਦੀ ਨੂੰ ਦੱਸਣ ਦੀ ਲੋੜ ਹੈ। ਬਦਲ ਦੇ ਤੌਰ 'ਤੇ, ਤੁਹਾਨੂੰ ਬਦਲੇ ਲਈ ਕਾਰਵਾਈ ਦੇ ਡਰ ਤੋਂ ਬਿਨਾ ਉੱਚ-ਪੱਧਰੀ ਪ੍ਰਬੰਧਕਾਂ ਕੋਲ ਬੇਝਿਜਕ ਜਾਣਾ ਚਾਹੀਦਾ ਹੈ।

## ਮੈਂ ਕਿਵੇਂ ਨਿਸ਼ਚਿਤ ਹੋ ਸਕਦਾ/ਸਕਦੀ ਹਾਂ ਕਿ ਮੇਰੇ ਖਿਲਾਫ਼ ਕੋਈ ਨਕਾਰਾਤਮਕ ਕਾਰਵਾਈ ਨਹੀਂ ਕੀਤੀ ਜਾਵੇਗੀ?

ਤੁਸੀਂ ਕੋਲਗੇਟ-ਪਾਮੋਲਿਵ EthicsLine ਦੀ ਵਰਤੋਂ ਕਰਕੇ ਵਿਸ਼ਵ ਵਿਆਪੀ ਨੈਤਿਕਤਾ ਅਤੇ ਪਾਲਣਾ ਵਿਭਾਗ ਨਾਲ ਸੰਪਰਕ ਕਰ ਸਕਦੇ ਹੋ।

EthicsLine ਦੁਆਰਾ ਪ੍ਰਦਾਨ ਕੀਤੀ ਜਾਂਦੀ ਸਾਰੀ ਜਾਣਕਾਰੀ ਦੀ ਸਮੀਖਿਆ ਕੀਤੀ ਜਾਂਦੀ ਹੈ ਅਤੇ, ਜੇ ਇਹ ਸੰਹਿਤਾ ਨਾਲ ਸਬੰਧ ਰੱਖਦਾ ਹੈ, ਤਾਂ ਮੁੱਦੇ ਦੀ ਵਿਸ਼ਵ ਵਿਆਪੀ ਨੈਤਿਕ ਅਤੇ ਪਾਲਣਾ ਅਤੇ/ਜਾਂ ਵਿਸ਼ਵ ਵਿਆਪੀ ਕਾਨੂੰਨੀ ਜੱਥੇਬੰਦੀ ਦੁਆਰਾ ਤੁਰੰਤ ਅਤੇ ਚੰਗੀ ਤਰ੍ਹਾਂ ਜਾਂਚ ਕੀਤੀ ਜਾਂਦੀ ਹੈ। ਇਹ ਗੱਲ ਪੱਕੀ ਹੈ ਕਿ ਰਿਪੋਰਟ ਕਰਨ ਵਾਲੇ ਲੋਕ ਆਪਣੀ ਜਾਂਚ ਆਪ ਨਹੀਂ ਕਰਦੇ, ਕਿਉਂਕਿ ਜਾਂਚਾਂ ਵਿਚ ਗੁੰਝਲਦਾਰ ਕਾਨੂੰਨੀ ਮਾਮਲੇ ਜੁੜੇ ਹੋ ਸਕਦੇ ਹਨ। ਆਪਣੇ ਆਪ ਕਾਰਵਾਈ ਕਰਨ ਨਾਲ ਜਾਂਚ ਦੀ ਖਰਿਆਈ ਨਾਲ ਸਮਝੌਤਾ ਹੋ ਸਕਦਾ ਹੈ ਅਤੇ ਕੋਲਗੇਟ ਅਤੇ ਤੁਹਾਡੇ ਦੋਹਾਂ 'ਤੇ ਬੁਰਾ ਅਸਰ ਪੈ ਸਕਦਾ ਹੈ।

ਰਿਪੋਰਟਾਂ ਅਨਾਮ ਤਰੀਕੇ ਵਿੱਚ ਕੀਤੀਆਂ ਜਾ ਸਕਦੀਆਂ ਹਨ ਜਿਥੇ ਸਥਾਨਕ ਕਾਨੂੰਨ ਇਜਾਜ਼ਤ ਦਿੰਦਾ ਹੈ। ਪਰ, ਅਸੀਂ ਤੁਹਾਨੂੰ ਉਤਸ਼ਾਹਤ ਕਰਦੇ ਹਾਂ ਕਿ ਜਾਂਚ ਅਤੇ ਉਸ ਤੋਂ ਅੱਗੇ ਦੀ ਕਾਰਵਾਈ ਕਰਵਾਉਣ ਵਿਚ ਸਾਡੀ ਮਦਦ ਕਰਨ ਲਈ ਆਪਣੀ ਪਛਾਣ ਦੱਸੋ। ਕੁਝ ਦੇਸ਼ਾਂ ਵਿਚ ਅਜਿਹੇ ਕਾਨੂੰਨ ਹਨ, ਜੋ ਤੁਹਾਡੇ ਵਲੋਂ ਦਿੱਤੀ ਜਾ ਸਕਣ ਵਾਲੀ ਜਾਣਕਾਰੀ ਦੀ ਕਿਸਮ 'ਤੇ ਪਾਬੰਦੀ ਲਾਉਂਦੇ ਹਨ। ਜੇ ਇਹ ਕਾਨੂੰਨ ਤੁਹਾਡੀ ਸਥਿਤੀ 'ਤੇ ਲਾਗੂ ਹੁੰਦੇ ਹਨ, ਤਾਂ ਵਿਸ਼ਵ ਵਿਆਪੀ ਨੈਤਿਕਤਾ ਅਤੇ ਪਾਲਣਾ ਦਾ ਨੁਮਾਇੰਦਾ, ਤੁਹਾਨੂੰ ਤੁਹਾਡੀ ਕਾਰੋਬਾਰੀ ਯੂਨਿਟ ਦੇ ਕਿਸੇ ਅਜਿਹੇ ਵਿਅਕਤੀ ਬਾਰੇ ਦੱਸੇਗਾ, ਜੋ ਤੁਹਾਡੀ, ਤੁਹਾਡੇ ਸਵਾਲ ਜਾਂ ਚਿੰਤਾ ਬਾਰੇ ਮਦਦ ਕਰ ਸਕਦਾ ਹੈ।

ਪਰ, ਇਹ ਗੱਲ ਦਿਮਾਗ਼ ਵਿੱਚ ਰੱਖੋ ਕਿ ਜੇ ਤੁਸੀਂ ਆਪਣੇ-ਆਪ ਦੀ ਪਛਾਣ ਕਰਨਾ ਚਾਹੁੰਦੇ ਹੋ ਤਾਂ ਕੰਪਨੀ ਵਲੋਂ ਵਿਅਕਤੀ ਦੀ ਪਛਾਣ ਅਤੇ ਉਸ ਵਲੋਂ ਦਿੱਤੀ ਗਈ ਜਾਣਕਾਰੀ ਗੁਪਤ ਰੱਖਣ ਲਈ ਸਾਰੀਆਂ ਜ਼ਰੂਰੀ ਕਾਰਵਾਈਆਂ ਕੀਤੀਆਂ ਜਾਣਗੀਆਂ ਅਤੇ ਜਾਣਕਾਰੀ ਦਾ ਖ਼ੁਲਾਸਾ ਸਿਰਫ਼ ਜਾਣਨ-ਦੀ-ਲੋੜ ਦੇ ਅਧਾਰ 'ਤੇ ਉਸ ਵੇਲੇ ਹੀ ਕੀਤਾ ਜਾਏਗਾ, ਜਦੋਂ ਇਹ ਖ਼ੁਲਾਸਾ:

- ਅਸਰਦਾਰ ਜਾਂਚ ਕਰਨ ਅਤੇ ਢੁਕਵੀਂ ਕਾਰਵਾਈ ਲਈ ਜ਼ਰੂਰੀ ਹੋਵੇ; ਜਾਂ
- ਨਹੀਂ ਤਾਂ ਲਾਗੂ ਕਾਨੂੰਨ ਮੁਤਾਬਕ ਲੋੜੀਂਦਾ ਹੋਵੇ।

ਇੱਕ ਰਿਪੋਰਟ ਜਾਂ ਸ਼ਿਕਾਇਤ ਵਿੱਚ ਨਿਜੀ ਡਾਟਾ ਸ਼ਾਮਲ ਹੋ ਸਕਦਾ ਹੈ। ਉਲੰਘਣਾ ਜਾਂ ਸ਼ੱਕੀ ਉਲੰਘਣਾ ਦੀ ਜਾਂਚ ਦੇ ਉਦੇਸ਼ ਲਈ, ਸਥਾਨਕ ਕਾਨੂੰਨ ਦੇ ਅਨੁਸਾਰ, ਇਕੱਠੇ ਕੀਤੇ ਗਏ ਨਿਜੀ ਅੰਕੜਿਆਂ ਦਾ ਤਬਾਦਲਾ ਅਮਰੀਕਾ ਸਮੇਤ ਇੱਕ ਦੇਸ਼ ਤੋਂ ਦੂਜੇ ਦੇਸ਼ ਵਿਚ ਕਰਨਾ ਜ਼ਰੂਰੀ ਹੋ ਸਕਦਾ ਹੈ। ਅਜਿਹੇ ਮਾਮਲਿਆਂ ਵਿਚ, ਨਿਜੀ ਅੰਕੜਿਆਂ ਦੀ ਵਰਤੋਂ ਕੰਪਨੀ ਦੇ ਮੁਲਾਜ਼ਮਾਂ ਅਤੇ ਕੋਲਗੇਟ ਕੰਪਨੀਆਂ ਵਲੋਂ ਕੀਤੀ ਜਾ ਸਕਦੀ ਹੈ, ਜਿਹੜੀ ਵਿਸ਼ਵ ਵਿਆਪੀ ਨੈਤਿਕਤਾ ਅਤੇ ਪਾਲਣਾ ਵਿਭਾਗ ਵਿੱਚ ਕਾਰਵਾਈਆਂ ਦੀ ਜਾਂਚ ਕਰਨ ਲਈ ਸ਼ਾਮਿਲ ਹੁੰਦੀਆਂ ਹਨ, ਪਰ ਸਿਰਫ਼ ਅਜਿਹੀ ਮਿਆਦ ਲਈ, ਜੋ ਇਸ ਉਦੇਸ਼ ਲਈ ਉਚਿਤ ਢੰਗ ਨਾਲ ਜ਼ਰੂਰੀ ਹੈ (ਅਤੇ ਉਸ ਤੋਂ ਬਾਅਦ ਇਸ ਤਰ੍ਹਾਂ ਦੇ ਨਿਜੀ ਅੰਕੜਿਆਂ ਨੂੰ ਨਸ਼ਟ ਕਰ ਦਿੱਤਾ ਜਾਏਗਾ ਜਾਂ ਸਿਰਫ਼ ਕੰਪਨੀ ਦੀ ਨੀਤੀ ਜਾਂ ਕਾਨੂੰਨ ਦੀ ਲੋੜ ਲਈ ਸੰਭਾਲ ਕੇ ਰੱਖਿਆ ਜਾਏਗਾ)।

## ਵਿਹਾਰ ਸੰਹਿਤਾ ETHICSLINE

**ethics@colpal.com**

**(800) 778-6080**
**(ਅਮਰੀਕਾ, ਕੈਨੇਡਾ, ਅਤੇ ਪਿਉਰਟੋ ਰਿਕੋ ਵਲੋਂ ਟੋਲ ਫ੍ਰੀ)**
**1-(212) 310-2330**
**(ਹੋਰ ਸਾਰੀਆਂ ਥਾਂਵਾਂ ਤੋਂ ਕਲੈੱਕਟ)**

**Global Ethics & Compliance**
**Colgate-Palmolive Company**
**300 Park Ave, 5th Floor**
**New York, NY 10022**

**ਵੈੱਬ ਸਾਧਨ (Web Tool)**

**ਫੈਕਸ**
**(212) 310-3745**


### ਸਵਾਲ:

ਮੈਂ ਸੁਣਿਆ ਹੈ ਕਿ ਮੇਰੀ ਆਵਾਜ਼ ਫਰਕ ਪੈਦਾ ਕਰਦੀ ਹੈ ਪਰ ਹਾਲ ਹੀ ਵਿੱਚ, ਜਦੋਂ ਮੈਂ ਆਪਣੇ ਮੈਨੇਜਰ ਕੋਲ ਇਕ ਗੰਭੀਰ ਚਿੰਤਾ ਬਾਰੇ "ਬੋਲਣ" ਲਈ ਗਿਆ ਤਾਂ ਕੁਝ ਵੀ ਨਹੀਂ ਹੋਇਆ। ਹੁਣ ਮੈਨੂੰ ਕੀ ਕਰਨਾ ਚਾਹੀਦਾ ਹੈ?

### ਜਵਾਬ:

ਅਸੀਂ ਸਾਰੇ ਇਹ ਯਕੀਨੀ ਬਣਾਉਣ ਲਈ ਜਵਾਬਦੇਹ ਹਾਂ ਕਿ ਸਾਡੀ ਕੰਪਨੀ ਦਿਆਨਤਦਾਰੀ ਅਤੇ ਉੱਚ ਨੈਤਿਕਤਾ ਮਿਆਰਾਂ ਦਾ ਸੱਭਿਆਚਾਰ ਕਾਇਮ ਰੱਖਦੀ ਹੈ। ਜੇ ਤੁਸੀਂ ਨਹੀਂ ਮੰਨਦੇ ਕਿ ਤੁਹਾਡੀਆਂ ਚਿੰਤਾਵਾਂ ਦਾ ਸੰਬੋਧਨ ਕਰਨ ਲਈ ਢੁਕਵੀਆਂ ਕਾਰਵਾਈਆਂ ਕੀਤੀਆਂ ਗਈਆਂ ਹਨ ਤਾਂ ਤੁਹਾਡੇ ਕੋਲ ਕਈ ਵਾਧੂ ਸਾਧਨ ਹਨ। ਉਚੇਰੇ ਪੱਧਰ 'ਤੇ ਮੁੱਦਾ ਚੁੱਕਣ ਅਤੇ ਪ੍ਰਬੰਧਕਾਂ, ਮਨੁੱਖੀ ਸਾਧਨਾਂ, ਵਿਸ਼ਵ ਵਿਆਪੀ ਕਾਨੂੰਨੀ ਜੱਥੇਬੰਦੀ ਜਾਂ ਵਿਸ਼ਵ ਵਿਆਪੀ ਨੈਤਿਕਤਾ ਅਤੇ ਪਾਲਣਾ ਦੇ ਅਗਲੇ ਪੱਧਰ ਤੱਕ "ਬੋਲਣ" ਲਈ ਡਰੋ ਨਹੀਂ। ਕੰਪਨੀ ਇਸ ਮੁੱਦੇ ਨੂੰ ਅੱਗੇ ਲਿਆਉਣ ਵਿੱਚ ਤੁਹਾਡੀਆਂ ਕੋਸ਼ਿਸ਼ਾਂ ਦੀ ਸਿਫਤ ਕਰਦੀ ਹੈ।

## ਜਦੋਂ ਮੈਂ ETHICSLINE ਨਾਲ ਸਪੰਰਕ ਕਰਦਾ/ਕਰਦੀ ਹਾਂ ਤਾਂ ਕੀ ਹੁੰਦਾ ਹੈ?



## ਕੋਲਗੇਟ ਜਾਂਚ ਕਿਰਿਆ

1. GE&C ਇਕ ਜਾਂਚਕਰਤਾ ਨਿਰਧਾਰਤ ਕਰਦੇ ਹਨ ਜਿਸ ਦਾ ਕਾਰੋਬਾਰੀ ਇਕਾਈ ਦੇ ਨਾਲ ਕੋਈ ਸਬੰਧ ਨਹੀਂ ਹੈ ਜਿਸ ਤੋਂ ਰਿਪੋਰਟ ਕੀਤੀ ਗਈ ਸੀ। →
2. ਜਾਂਚਕਰਤਾ ਜਾਂਚ ਕਰਦਾ ਹੈ। →
3. ਜਾਂਚਕਰਤਾ ਨਿਸ਼ਕਰਸ਼ ਕੱਢਦਾ ਹੈ। →
4. ਵਿਸ਼ਵ ਵਿਆਪੀ ਨੈਤਿਕਤਾ ਅਤੇ ਪਾਲਣਾ ਨਿਸ਼ਕਰਸ਼ਾਂ ਦੀ ਸਮੀਖਿਆ ਕਰਦੇ ਹਨ ਅਤੇ ਲਾਗੂ ਕਰਨ ਲਈ ਕਾਰਵਾਈਆਂ ਦੀ ਸਿਫਾਰਿਸ਼ ਕਰਦੇ ਹਨ। →
5. ਜਾਂਚ ਦੇ ਅੰਤ 'ਤੇ, ਜਿਹੜੇ ਵਿਅਕਤੀ ਨੇ ਚਿੰਤਾ ਦੀ ਰਿਪੋਰਟ ਕੀਤੀ, ਉਸਨੂੰ ਫੀਡਬੈਕ ਪ੍ਰਦਾਨ ਕੀਤੀ ਜਾਵੇਗੀ (ਜੇ ਸੰਪਰਕ ਜਾਣਕਾਰੀ ਪ੍ਰਦਾਨ ਕੀਤੀ ਗਈ ਸੀ)।

### ਅਨੁਸ਼ਾਸਨੀ ਕਾਰਵਾਈਆਂ ਕੀਤੀਆਂ ਜਾ ਸਕਦੀਆਂ ਹਨ

ਕੋਈ ਵੀ ਅਜਿਹਾ ਵਿਹਾਰ, ਜੋ ਵਿਹਾਰ ਸੰਹਿਤਾ ਜਾਂ ਕਾਰੋਬਾਰੀ ਵਿਹਾਰ ਸਬੰਧੀ ਸੇਧਾਂ ਦੀ ਉਲੰਘਣਾ ਕਰਦਾ ਹੈ, ਉਸ ਲਈ ਕੰਪਨੀ ਦੀ ਨੀਤੀ "ਬਰਦਾਸ਼ਤ ਨਾ ਕਰਨ" ਦੀ ਹੈ। ਇਸਦਾ ਮਤਲਬ ਇਹ ਹੈ ਕਿ ਉਲੰਘਣਾ ਦੀ ਘਟਨਾ ਸੱਚੀ ਸਾਬਤ ਹੋ ਜਾਣ 'ਤੇ ਉਲੰਘਣਾ ਦੀ ਕਿਸਮ ਅਤੇ ਉਸਦੀ ਵਿਆਪਕਤਾ ਦੇ ਮੁਤਾਬਕ ਢੁਕਵੀਂ ਕਾਰਵਾਈ ਕੀਤੀ ਜਾਏਗੀ। ਕੰਪਨੀ ਵਿਚ ਕਿਸੇ ਵੀ ਵਿਅਕਤੀ ਜਾਂ ਮੈਨੇਜਰ ਨੂੰ ਅਜਿਹੇ ਵਿਹਾਰ ਵਿਚ ਸ਼ਾਮਿਲ ਹੋਣ ਦਾ ਹੱਕ ਨਹੀਂ ਹੈ, ਜਿਹੜੇ ਇਸ ਸੰਹਿਤਾ ਦੀ ਪਾਲਣਾ ਨਾ ਕਰਨ, ਜਾਂ ਕਿਸੇ ਹੋਰ ਵਿਅਕਤੀ ਵਲੋਂ ਅਜਿਹੇ ਵਿਹਾਰ ਨੂੰ ਇਖ਼ਤਿਆਰ ਦੇਣ, ਕਹਿਣ, ਪ੍ਰਵਾਣ ਕਰਨ ਜਾਂ ਉਸਨੂੰ ਨਜ਼ਰਅੰਦਾਜ਼ ਕਰੇ। ਉਂਜ ਕੰਪਨੀ ਦਾ ਇਰਾਦਾ ਕਿਸੇ ਵੀ ਅਜਿਹੇ ਵਿਹਾਰ ਨੂੰ ਰੋਕਣਾ ਹੈ, ਜੋ ਸੰਹਿਤਾ ਜਾਂ ਕਾਰੋਬਾਰੀ ਵਿਹਾਰ ਦੀਆਂ ਸੇਧਾਂ ਦੀ ਪਾਲਣਾ ਨਹੀਂ ਕਰਦਾ ਅਤੇ ਅਜਿਹੇ ਕਿਸੇ ਵਿਹਾਰ 'ਤੇ ਰੋਕ ਲਾਉਣਾ ਹੈ, ਜਿਸਦਾ ਪਤਾ ਲੱਗਣ ਤੋਂ ਬਾਅਦ ਜਿਸ ਦੇ ਵਾਪਰਣ ਦੀ ਕਾਫ਼ੀ ਹੱਦ ਤੱਕ ਸੰਭਾਵਨਾ ਹੋ ਸਕਦੀ ਹੈ। ਕੋਲਗੇਟ ਨਾਲ ਕੰਮ ਕਰਨ ਵਾਲੇ ਲੋਕ, ਜੋ ਸੰਹਿਤਾ ਜਾਂ ਕਾਰੋਬਾਰੀ ਵਿਹਾਰ ਸਬੰਧੀ ਸੇਧਾਂ ਦੀ ਪਾਲਣਾ ਨਹੀਂ ਕਰਦੇ, ਉਸ ਅਨੁਸ਼ਾਸਨੀ ਕਾਰਵਾਈ ਹੇਠ ਹੋ ਸਕਦੇ ਹਨ, ਜਿਸ ਵਿਚ ਸਥਾਨਕ ਕਾਨੂੰਨ ਤਹਿਤ ਨੌਕਰੀ ਦੀ ਬਰਖ਼ਾਸਤਗੀ ਵੀ ਸ਼ਾਮਿਲ ਹੋ ਸਕਦੀ ਹੈ।

### ਸੰਹਿਤਾ ਜ਼ਾਬਤਾ ਕੋਲਗੇਟ ਦੇ ਸਾਰੇ ਲੋਕਾਂ ਅਤੇ ਕੰਪਨੀ ਦੀਆਂ ਸਾਰੀਆਂ ਗਤੀਵਿਧੀਆਂ ਤੇ ਲਾਗੂ ਹੁੰਦੀ ਹੈ

ਵਿਹਾਰ ਸੰਹਿਤਾ ਦੀ ਪਾਲਣਾ ਅਤੇ ਕਾਰੋਬਾਰ ਕਰਨ ਸਬੰਧੀ ਸੇਧਾਂ ਦੀ ਨਿਗਰਾਨੀ ਵਿਸ਼ਵ ਵਿਆਪੀ ਨੈਤਿਕਤਾ ਅਤੇ ਪਾਲਣਾ ਵਿਭਾਗ ਵਲੋਂ ਕੀਤੀ ਜਾਏਗੀ। ਵਿਭਾਗ, ਵਿਹਾਰ ਸੰਹਿਤਾ ਅਤੇ ਸਬੰਧਿਤ ਪ੍ਰੋਗਰਾਮਾਂ ਦੀ ਸਥਾਪਨਾ, ਲਾਗੂ ਕਰਨ ਅਤੇ ਲਾਗੂ ਕਰਵਾਉਣ ਬਾਰੇ ਚੀਫ਼ ਐਗਜ਼ੀਕਿਊਟਿਵ ਅਫਸਰ/ਬੋਰਡ ਦੇ ਚੇਅਰਮੈਨ ਅਤੇ ਕੋਲਗੇਟ ਦੇ ਡਾਇਰੈਕਟਰਾਂ ਦੇ ਬੋਰਡ ਦੀ ਆੱਡਿਟ ਕਮੇਟੀ ਦੇ ਚੇਅਰਮੈਨ ਨੂੰ ਰਿਪੋਰਟ ਕਰਦਾ ਹੈ।

ਵਿਸ਼ਵ ਵਿਆਪੀ ਨੈਤਿਕਤਾ ਅਤੇ ਪਾਲਣਾ ਵਿਭਾਗ ਨੂੰ ਰਿਪੋਰਟ ਕੀਤੀ ਗਈ ਜਾਣਕਾਰੀ ਜਾਂ ਕਿਸੇ ਹੋਰ ਚੈਨਲ ਰਾਹੀਂ, ਜਿਵੇਂ ਢੁਕਵਾਂ ਹੋਵੇ, ਆੱਡਿਟ ਕਮੇਟੀ ਨੂੰ ਗੁਪਤ ਅਧਾਰ 'ਤੇ ਦੱਸੀ ਜਾਂਦੀ ਹੈ।

ਸੰਹਿਤਾ ਕੋਲਗੇਟ-ਪਾਮੋਲਿਵ ਕੰਪਨੀ ਅਤੇ ਇਸਦੀਆਂ ਸਾਰੀਆਂ ਸਹਾਇਕ ਕੰਪਨੀਆਂ ਵਿਚ ਅਫ਼ਸਰਾਂ ਸਮੇਤ, ਕੰਮ ਕਰਨ ਵਾਲੇ ਸਾਰੇ ਲੋਕਾਂ 'ਤੇ ਲਾਗੂ ਹੁੰਦੀ ਹੈ, ਅਤੇ ਇਹ ਲਾਗੂ ਕਾਨੂੰਨਾਂ ਮੁਤਾਬਕ ਕੰਪਨੀ ਦੇ ਡਾਇਰੈਕਟਰਾਂ ਅਤੇ ਏਜੰਟਾਂ 'ਤੇ ਵੀ ਲਾਗੂ ਹੁੰਦੀ ਹੈ। ਸੰਹਿਤਾ ਦੀਆਂ ਕਾੱਪੀਆਂ ਸਾਡੀ ਅੰਦਰੂਨੀ ਇੰਟ੍ਰਾਨੈਟ ਸਾਈਟ ਦੇ ਨਾਲ-ਨਾਲ ਸਾਡੀ ਬਾਹਰੀ ਵੈਬਸਾਈਟ ਦੋਹਾਂ ਉੱਤੇ ਔਨਲਾਈਨ ਉਪਲਬਧ ਹਨ, ਅਤੇ, ਅਜਿਹੇ ਸਾਰੇ ਵਿਅਕਤੀਆਂ ਜਾਂ ਸੰਸਥਾਵਾਂ ਨੂੰ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ, ਜੋ ਕੰਪਨੀ ਵਲੋਂ ਉਹਨਾਂ ਖੇਤਰਾਂ ਵਿਚ ਕਾਰਵਾਈ ਕਰਨ ਲਈ ਇਖ਼ਤਿਆਰਪ੍ਰਾਪਤ ਹਨ। ਦੁਨੀਆ ਭਰ ਵਿਚ ਕੋਲਗੇਟ ਵਿਚ ਕੰਮ ਕਰਨ ਵਾਲੇ ਲੋਕ ਸਲਾਨਾ ਅਧਾਰ 'ਤੇ ਵਿਹਾਰ ਸੰਹਿਤਾ ਦੀ ਸਿਖਲਾਈ ਅਤੇ ਤਸਦੀਕ ਕੀਤੇ ਜਾਣ ਵਿਚ ਹਿੱਸਾ ਲੈਕੇ ਕੰਪਨੀ ਦੇ ਨੈਤਿਕਤਾ ਮਿਆਰਾਂ ਦੇ ਨਾਲ ਪਾਲਣਾ ਲਈ ਆਪਣੀ ਵਚਨਬੱਧਤਾ ਦਾ ਮੁਜ਼ਾਹਰਾ ਕਰਦੇ ਹਨ।

COLGATE-PALMOLIVE COMPANY

300 Park Avenue
New York, NY 10022
212-310-2000
www.colgatepalmolive.com